ਸਭ ਮਹਿ ਜੋਤਿ ਜੋਤਿ ਹੈ ਸੋਇ ।।

# ਭਾਈ ਘਨੱਈਆ

# ਸੇਵਾ ਜੋਤੀ

ਮਾਰਚ
ਸੰਨ 2002



ਬਾਉਲੀ ਸਾਹਿਬ, ਗੋਇੰਦਵਾਲ

ੴ ਵਾਹਿਗੁਰੂ ਜੀ ਕੀ ਫਤਹਿ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

# ਗੋਨਿਆਣਾ ਭਾਈ ਜਗਤਾ ਵਿਖੇ

## ਸੇਵਾ ਪੰਥੀ ਮਹਾਂਪੁਰਖਾਂ ਦੀਆਂ ਸਾਲਾਨਾ ਬਰਸੀਆਂ

ਬੜੇ ਪ੍ਰੇਮ, ਸ਼ਰਧਾ ਤੇ ਉਤਸਾਹ ਨਾਲ ਹੇਠ ਲਿਖੇ ਅਨੁਸਾਰ ਮਨਾਈਆਂ ਜਾਣਗੀਆਂ ।



ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਸੁਹੇਲ ਸਿੰਘ ਜੀ
'ਸੇਵਾ ਪੰਥੀ' ਦੀ 53ਵੀਂ ਸਾਲਾਨਾ ਬਰਸੀ
ਮਿਤੀ 16 ਤੋਂ 18 ਅਪ੍ਰੈਲ 2002
ਮੁਤਾਬਿਕ 4 ਤੋਂ 6 ਵੈਸਾਖ 2059
ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ
ਨਵੀਂ ਬਸਤੀ, ਗੋਨਿਆਣਾ ਮੰਡੀ ਵਿਖੇ ।



ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਗੁਲਾਬ ਸਿੰਘ ਜੀ
'ਸੇਵਾ ਪੰਥੀ' ਦੀ 52ਵੀਂ ਸਾਲਾਨਾ ਬਰਸੀ
ਮਿਤੀ 18 ਤੋਂ 20 ਅਪ੍ਰੈਲ 2002
ਮੁਤਾਬਿਕ 6 ਤੋਂ 8 ਵੈਸਾਖ 2059

**ਟਿਕਾਣਾ ਭਾਈ ਜਗਤਾ ਜੀ ਸਾਹਿਬ**
**ਗੋਨਿਆਣਾ ਮੰਡੀ ਵਿਖੇ ।**

੧ਓ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 19ਵਾਂ | ਅੰਕ ਨੰ:3 | ਮਾਰਚ 2002 | ਕੀਮਤ : ਅਮੁੱਲ



ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ' । ਮੋਬਾਇਲ : 98140-32957

ਸਰਪ੍ਰਸਤ : ਸੰਤ ਭਾਈ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ 263333, ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਭਾਈ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫੋਨ : 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸੁਰਜਨ ਸਿੰਘ ਘੁਲਿ: ਮੋਬਾ: 98140-94817, ਸਰਦਾਰਨੀ ਭੁਪਿੰਦਰ ਕੌਰ ਪਤਨੀ ਸ੍ਰ: ਜੀ ਐਸ ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ ।

ਸੰਪਾਦਕੀ ਬੋਰਡ
ਮੁੱਖ ਸੰਪਾਦਕ : ਚਮਨ ਸਿੰਘ "ਚਮਨ" ਮੋਬਾ : 98140-75504
Internet Edition Editor : ਭੁਪਿੰਦਰ ਸਿੰਘ ਸੇਵਾ-ਪੰਥੀ Ph. 262657
ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 262051


## ਤਤਕਰਾ


| ਲੜੀ ਨੰ: | ਲੋਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|---|
| 1. | ਚੇਤਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਗੁਰਮੀਤ ਕੌਰ 'ਮੀਤ' | 2 |
| 2. | ਸੰਪਾਦਕੀ | ਚਮਨ ਸਿੰਘ 'ਚਮਨ' | 3 |
| 3. | 52ਵੀਂ ਬਰਸੀ ਸੰਬੰਧੀ ਪ੍ਰੋਗਰਾਮ(ਸੰਤ ਕਾਹਨ ਸਿੰਘ ਜੀ) | ਮੈਨੇਜਰ ਇੰਦਰਜੀਤ ਸਿੰਘ | 5 |
| 4. | ਪ੍ਰੋਗਰਾਮ ਪ੍ਰਚਾਰ-ਯਾਤਰਾ (ਮਹੰਤ ਜੀ) | ਮੈਨੇਜਰ ਇੰਦਰਜੀਤ ਸਿੰਘ ਖ਼ੁਰਾਣਾ | 7 |
| 5. | ਕਥਾ ਸੁਖਮਨੀ ਸਾਹਿਬ (ਕਿਸ਼ਤ ਨੰ: ੫੬) | ਤੀਰਥ ਸਿੰਘ 'ਸੇਵਾ ਪੰਥੀ' | 9 |
| 6. | ਕਥਾ ਸੋ ਦਰੁ ਰਹਿਰਾਸ ਸਾਹਿਬ(ਕਿਸ਼ਤ ਨੰ: ੩੧) | ਕਾਹਨ ਸਿੰਘ 'ਸੇਵਾ ਪੰਥੀ' | 11 |
| 7. | ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ 'ਗੋਯਾ' | 13 |
| 8. | ਸਿੱਖ ਧਰਮ ਵਿੱਚ ਨਾਰੀ ਦਾ ਰੁਤਬਾ ਤੇ ਯੋਗਦਾਨ | ਨਵਜੀਤ ਕੌਰ | 14 |
| 9. | ਸਿੱਖ ਧਰਮ ਵਿਸ਼ਵ ਵਿਆਪੀ ਧਰਮ ਕਿਵੇਂ ਬਣੇ ? | ਡਾ. ਮਹੀਪ ਸਿੰਘ ਦਿੱਲੀ | 18 |
| 10. | ਧਾਰਮਿਕ ਵਿੱਦਿਆ ਦੀ ਮਹੱਤਤਾ | ਪ੍ਰੋ: ਸੁਖਦੇਵ ਸਿੰਘ | 21 |
| 11. | ਹੋਲਾ ਮਹੱਲਾ | ਪ੍ਰੀਤਮ ਸਿੰਘ 'ਪ੍ਰੀਤਮ' | 24 |
| 12. | ਅਰਦਾਸ | ਪਰਮਜੀਤ ਕੌਰ | 29 |
| 13. | ਸਮਾਜਿਕ ਨਿਆਂ ਲਈ ਸੰਘਰਸ਼ | ਸ : ਸਤਿਬੀਰ ਸਿੰਘ | 32 |
| 14. | बाबाणीयां कहानीयां | जोगिन्दर सिंघ सागर | 36 |
| 15. | ਵਰ-ਘਰ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 39 |

ੴ ਸਤਿਗੁਰ ਪ੍ਰਸਾਦਿ ॥

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

# ਚੇਤਿ

ਚੇਤਿ ਗੋਬਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨ ॥

| | | | | |
|---|---|---|---|---|
| ਸੰਮਤ ਬਿਕ੍ਰਮੀ | 2058 | ਗੁਰਪੁਰਬ ਤੇ | ਮੱਸਿਆ | 13 ਮਾਰਚ |
| ਸੰਮਤ ਨਾਨਕਸ਼ਾਹੀ | 533 | ਵਿਸ਼ੇਸ਼ ਦਿਵਸ | ਸੰਗਰਾਂਦ | 14 ਮਾਰਚ |
| ਸੰਮਤ | 303 | ਮਾਰਚ | ਪੰਚਮੀ | 19 ਮਾਰਚ |
| ਸੰਮਤ ਸਾਕਾ | 1923-24 | 2002 | ਪੂਰਨਮਾਸ਼ੀ | 28 ਮਾਰਚ |

- ਅੰਤਰ ਰਾਸ਼ਟਰੀਆ ਮਹਿਲਾ ਦਿਵਸ — 8 ਮਾਰਚ
- ਸ਼. ਮੇ. ਸ੍ਰ : ਭਗਤ ਸਿੰਘ ਜੀ ਪਿੰਡ ਹੁਸੈਣੀ ਵਾਲਾ (ਫਿਰੋ.) — 23 ਮਾਰਚ
- ਹੋਲੀ ਪਰਵ — 28 ਮਾਰਚ
- ਹੋਲਾ ਮਹੱਲਾ (ਸ੍ਰੀ ਅਨੰਦਪੁਰ ਸਾਹਿਬ) ਤੇ ਸ੍ਰੀ ਪਾਉਂਟਾ ਸਾਹਿਬ — 29 ਮਾਰਚ
- ਗੁਡ ਫਰਾਈ ਡੇ — 31 ਮਾਰਚ

ਸੰਪਾਦਕੀ

# ਸਿੱਖ ਤੇ ਦੇਸ਼ ਭਗਤੀ

ਵਰਤਮਾਨ ਸਮੇਂ ਸਿੱਖ ਅਤੇ ਬਿਪ੍ਰਵਾਦ ਦੀ ਬੜੀ ਚਰਚਾ ਚੱਲ ਰਹੀ ਹੈ। ਦਰਅਸਲ ਬਿਪ੍ਰਵਾਦ ਮੀਰੀ ਤੇ ਪੀਰੀ ਦੋਹਾਂ ਨੂੰ ਹਥਿਆਉਣ ਤੇ ਤੁਲਿਆ ਹੋਇਆ ਹੈ, ਜਦੋਂ ਕਿ ਸਤਿਗੁਰਾਂ ਨੇ ਮੁਗਲਾਂ ਤੋਂ ਮੀਰੀ ਤੇ ਪੰਡਤਾਂ, ਮੌਲਾਨਿਆਂ ਤੋਂ ਪੀਰੀ ਖੋਹਕੇ, ਖ਼ਾਲਸਾ ਪੰਥ ਨੂੰ ਸਰਬ-ਕਲਾ ਸਮਰੱਥ ਬਣਾਇਆ ਸੀ। ਇਸ ਸਮਰੱਥਾ ਨੂੰ ਬਰਕਰਾਰ ਰੱਖਣਾ ਸਾਡਾ ਪਰਮ ਧਰਮ ਹੈ ਤੇ ਇਸ ਲਈ ਜੂਝਣਾ ਹੀ ਸਾਡਾ ਧਰਮ ਯੁੱਧ ਹੈ ਭਾਵੇਂ ਸਾਡੇ ਵਿੱਚ ਦੇਸ਼ ਭਗਤੀ ਦਾ ਜਜ਼ਬਾ ਵੀ ਬੜਾ ਪ੍ਰਬਲ ਹੈ।

ਸਿੱਖਾਂ ਨੇ ਦੇਸ਼-ਭਗਤੀ ਦੇ ਖੇਤਰ ਵਿੱਚ ਜੋ ਕਾਰਨਾਮੇ ਕੀਤੇ, ਉਹ ਕਦੇ ਭੁਲਾਏ ਜਾਣ ਵਾਲੇ ਨਹੀਂ ਜਦੋਂ 18ਵੀਂ ਸਦੀ ਵਿੱਚ ਪਠਾਨ ਹਮਲਾਵਰ ਪੰਜਾਬ ਨੂੰ ਲੁੱਟ-ਲੁੱਟ ਤਬਾਹ ਕਰ ਰਹੇ ਸਨ ਤਾਂ ਕੇਵਲ ਸਿੰਘ ਸੂਰਮੇ ਹੀ ਸਨ ਜਿਨ੍ਹਾਂ ਨੇ ਉਨ੍ਹਾਂ ਦਾ ਮੁਕਾਬਲਾ ਕੀਤਾ ਤੇ ਅੰਤ ਪੰਜਾਬ ਨੂੰ ਦਿੱਲੀ ਤੇ ਕਾਬਲ ਦੀਆਂ ਮਾਰਾਂ ਤੋਂ ਸੁਤੰਤਰ ਕਰਾਇਆ ਇਸੇ ਕਰਕੇ ਡਾ. ਹਰੀ ਰਾਮ ਗੁਪਤਾ ਆਖਦਾ ਹੈ ਕਿ 'ਪੰਜਾਬ ਸਿੱਖਾਂ ਵੱਲੋਂ ਦਿੱਤਾ ਹਿੰਦੁਸਤਾਨ ਨੂੰ ਤੋਹਫਾ ਹੈ। ਜੇ ਸਿੱਖ ਜਾਨਾਂ ਹੂਲ ਕੇ ਸੌ ਸਾਲ ਇਸ ਲਈ ਸੰਗਰਾਮ ਨਾ ਰਚਦੇ ਤਾਂ ਅੱਜ ਇਹ ਪੰਜਾਬ ਅਫਗਾਨਿਸਤਾਨ ਦਾ ਹੁੰਦਾ ਤੇ ਭਾਰਤ ਦੀ ਹੱਦ ਜਮਨਾ ਹੁੰਦੀ।'

ਇਸ ਤੋਂ ਬਾਅਦ ਜਦੋਂ ਭਾਰਤੀ ਲੋਕਾਂ ਨੂੰ ਫਿਰੰਗੀ ਸਾਮਰਾਜ ਨਾਲ ਜੂਝਣਾ ਪਿਆ ਤਾਂ ਸਿੱਖ ਸਭ ਤੋਂ ਮੂਹਰਲੀ ਕਤਾਰ ਵਿੱਚ ਖੜੋਤੇ ਸਨ। 1857 ਦੇ ਗਦਰ ਦੇ ਭੰਨੇ ਲੋਕ ਉੱਠਨ ਜੋਗੇ ਨਹੀਂ ਸਨ, ਲੇਕਿਨ ਬਾਬਾ ਰਾਮ ਸਿੰਘ ਨੇ ਐਸੀ ਆਜ਼ਾਦੀ ਦੀ ਸ਼ਹਿਨਾਈ ਵਜਾਈ ਕਿ ਸਿੱਖ ਸੂਰਮੇ ਅੱਗੇ ਨਿੱਤਰੇ ਤੇ 1872 ਵਿੱਚ ਮਲੇਰਕੋਟਲੇ ਲਾਗੇ ਜਮਾਲਪੁਰ ਦੀ ਰੱਖ ਵਿੱਚ 66 ਸਿੰਘਾਂ ਨੇ ਤੋਪਾਂ ਮੂਹਰੇ ਛਾਤੀਆਂ ਡਾਹ ਕੇ ਸ਼ਹੀਦੀਆਂ ਪਾਈਆਂ। ਇਹ ਸਵਰਾਜ ਲਹਿਰ ਦੇ ਮੋਢੀ ਸ਼ਹੀਦ ਸਨ। ਫਿਰ ਬਜ-ਬਜ ਘਾਟ ਦਾ ਵਾਕਿਆ ਹੋਇਆ, ਜਲ੍ਹਿਆਂਵਾਲੇ ਬਾਗ ਦਾ ਹੱਤਿਆ ਕਾਂਡ ਵਾਪਰਿਆ ਤੇ ਨਨਕਾਣੇ ਸਾਹਿਬ ਦਾ ਸਾਕਾ ਹੋਇਆ। ਇਨ੍ਹਾਂ ਵਿੱਚ 80 ਫੀਸਦੀ ਸਿੱਖ ਹੀ ਸ਼ਹੀਦੀਆਂ ਪਾਉਣ ਵਾਲੇ ਸਨ। ਸਿੱਖ ਨੌਜਵਾਨਾਂ ਨੇ ਫਾਂਸੀ ਦੇ ਰੱਸੇ ਚੁੰਮ ਕੇ ਦੇਸ਼ ਨੂੰ ਆਜ਼ਾਦੀ ਦੀ ਆਖਰੀ ਲੜਾਈ ਲੜਨ ਲਈ ਤਿਆਰ ਬਰ ਤਿਆਰ ਕੀਤਾ। ਆਜ਼ਾਦ ਹਿੰਦ ਫੌਜ ਦਾ ਬਹੁਤ ਵੱਡਾ ਹਿੱਸਾ ਸਿੱਖ ਯੋਧੇ ਹੀ ਸਨ, ਜਿਨ੍ਹਾਂ ਨੇ ਬੰਦੂਕਾਂ ਫੜ ਕੇ ਐਸਾ ਤੂਫਾਨ ਖੜਾ ਕੀਤਾ ਕਿ ਅੰਗਰੇਜਾਂ ਨੂੰ ਭਾਰਤ ਛੱਡਣ ਲਈ ਮਜ਼ਬੂਰ ਹੋਣਾ ਪਿਆ। ਦੇਸ਼ ਵੰਡ ਤੋਂ ਬਾਅਦ ਸਿੱਖਾਂ ਨੂੰ ਆਪਣੇ ਹੱਕਾਂ ਤੇ ਸਵੈਮਾਨ ਦੀ ਰੱਖਿਆ ਲਈ ਸਰਕਾਰ ਨਾਲ ਕਈ ਕਿਸਮ ਦੀਆਂ ਲੜਾਈਆਂ ਲੜਨੀਆਂ ਪਈਆਂ-ਸਤਿਆਗ੍ਰਹਿ ਕੀਤੇ, ਜੇਲ੍ਹੀਂ ਗਏ ਤੇ ਸ਼ਾਂਤ ਮਈ ਅੰਦੋਲਨਾਂ ਦਾ ਹੀ ਤਰੀਕਾ ਅਪਨਾਇਆ, ਪਰ ਕਦੇ ਕਿਸੇ ਸਿੱਖ ਨੇ ਦੇਸ਼ ਦੀ ਜਾਇਦਾਦ, ਸੰਪਤੀ ਜਾਂ ਕਿਸੇ ਚੀਜ ਨੂੰ ਤਬਾਹ ਕਰਨ ਦਾ ਕੋਈ ਯਤਨ ਨਹੀਂ ਕੀਤਾ ਤੇ ਨਾ ਹੀ ਹਿੰਸਾ

ਦਾ ਰਾਹ ਅਪਣਾਇਆ। ਇਹ ਇਨ੍ਹਾਂ ਦੇ ਸ਼ਾਂਤਮਈ ਆਚਰਨ ਤੇ ਦੇਸ਼-ਭਗਤੀ ਦੀ ਪੱਕੀ ਗਵਾਹੀ ਹੈ, ਜਦੋਂ ਕਿ ਹੋਰ ਸੂਬਿਆਂ ਨੇ ਅੰਦੋਲਨਕਾਰੀਆਂ ਨੇ ਹਮੇਸ਼ਾ ਭੰਨ-ਤੋੜ ਤੇ ਸਾੜ-ਫੂਕ ਦਾ ਰਾਸਤਾ ਅਪਣਾ ਕੇ ਸਦਾ ਬੇਲੋੜੀ ਤਬਾਹੀ ਮਚਾਈ ਤੇ ਦੇਸ਼ ਦਾ ਭਾਰੀ ਨੁਕਸਾਨ ਕੀਤਾ।

ਸਿੱਖ ਧਰਮ ਦਾ ਦ੍ਰਿਸ਼ਟੀਕੋਣ ਬੜਾ ਵਿਸ਼ਾਲ ਹੈ ਤੇ ਸਾਰੀ ਮਨੁੱਖਤਾ ਨੂੰ ਏਕ ਪਿਤਾ ਕੇ ਬਾਰਿਕ ਸਮਝ ਕੇ ਸਭ ਨੂੰ ਆਪਣੇ ਪਿਆਰ ਕਲਾਵੇ ਵਿੱਚ ਲੈਂਦਾ ਹੈ, ਬਗੈਰ ਕਿਸੇ ਜਾਤ, ਗੋਤ, ਨਸਲ ਦੇ ਵਿਤਕਰੇ ਦੇ ਉਹ ਕਿਸੇ ਨਾਲ ਨਫਰਤ ਨਹੀਂ ਕਰਦਾ ਤੇ ਨਾ ਹੀ ਕਿਸੇ ਨੂੰ ਵੈਰੀ ਜਾਂ ਬਿਗਾਨਾ ਸਮਝਦਾ ਹੈ :-

**ਨਾ ਕੋ ਬੈਰੀ ਨਹੀ ਬਿਗਾਨਾ,**

**ਸਗਲ ਸੰਗਿ ਹਮ ਕਉ ਬਨਿ ਆਈ ॥**

ਸਿੱਖ ਨੂੰ ਹਿੰਦੂ, ਮੁਸਲਮਾਨ ਅਤੇ ਇਸਾਈ ਆਦਿ ਵਿੱਚ ਕੋਈ ਅੰਤਰ ਨਹੀਂ ਭਾਸਦਾ, ਉਸਦੇ ਸਾਹਮਣੇ ਤਾਂ ਦਸਮੇਸ਼ ਜੀ ਦਾ ਫ਼ੁਰਮਾਨ ਹੈ :-

**ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,**

**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥**

ਇਤਿਹਾਸ ਗਵਾਹ ਹੈ ਕਿ ਸਿੱਖ ਧਰਮ ਦੇ ਹਿਤੈਸ਼ੀਆਂ ਵਿਚ ਹਿੰਦੂ ਵੀ ਹੋਏ ਹਨ ਤੇ ਮੁਸਲਮਾਨ ਵੀ ਅਤੇ ਇਸ ਦੇ ਨਾਲ ਹੀ ਇਸ ਦਾ ਵਿਰੋਧ ਜਿੱਥੇ ਕੁਝ ਕੱਟੜ ਮੁਸਲਮਾਨਾਂ ਨੇ ਕੀਤਾ ਉਥੇ ਕੁਝ ਸੁਆਰਥੀ,ਬੁਜਦਿਲ ਤੇ ਟੁਕੜ-ਬੋਚ ਹਿੰਦੂ ਵੀ ਇਸ ਦੇ ਵਿਰੋਧੀ ਬਣੇ। ਖਾਲਸੇ ਦਾ ਵਿਰੋਧ ਕਿਸੇ ਫਿਰਕੇ ਦੇ ਅਨੁਆਈਆਂ ਨਾਲ ਨਹੀਂ ਸਗੋਂ ਦੁਸ਼ਟਾਂ ਦੋਖੀਆਂ ਨਾਲ ਹੈ, ਉਹ ਭਾਵੇਂ ਕਿਸੇ ਫਿਰਕੇ ਵਿਚੋਂ ਹੋਣ, ਯਾਦ ਰੱਖਣ ਵਾਲੀ ਗੱਲ ਹੈ ਕਿ ਦੁਸ਼ਟ-ਬੁਧੀ ਮਸੰਦਾਂ ਨੂੰ ਗੁਰੂ ਪਾਤਸ਼ਾਹ ਨੇ ਆਪ ਤੇਲ ਪਾ ਕੇ ਫੂਕਿਆ।

ਖਾਲਸੇ ਦਾ ਧਾਰਮਿਕ ਫਲਸਫਾ,ਚੱਜ ਅਚਾਰ,ਮਾਨ ਮਰਿਯਾਦਾ, ਖਾਣ-ਪਾਨ , ਪਹਿਨਣਾ,ਆਸ਼ਾ,ਇਸ਼ਟ-ਉਪਾਸਨਾ,ਸਭ ਕੁਝ ਵਿਲੱਖਣ ਤੇ ਨਿਰਾਲਾ ਹੈ .ਉਥੇ ਸਿੱਖਾਂ ਦਾ ਦੇਸ਼-ਭਗਤੀ ਦਾ ਜਜਬਾ ਵੀ ਬੇ-ਮਿਸਾਲ ਹੈ।

ਚਮਨ ਸਿੰਘ 'ਚਮਨ'

ਮੁਖ-ਸੰਪਾਦਕ

ਸੱਚ-ਖੰਡ ਵਾਸੀ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ 'ਸੇਵਾ ਪੰਥੀ' ਦੀ

## 52ਵੀਂ ਬਰਸੀ ਸੰਬੰਧੀ ਪ੍ਰਚਾਰ ਪ੍ਰੋਗਰਾਮ (ਸੰਤ ਕਾਹਨ ਸਿੰਘ ਜੀ)

ਮਿਤੀ 14 ਮਾਰਚ ਤੋਂ 4 ਅਪ੍ਰੈਲ (1 ਚੇਤਰ ਤੋਂ 22 ਚੇਤਰ) 2002 ਤੱਕ

| | | |
|---|---|---|
| 14-3-2002 | ਨਰਾਇਣਗੜ੍ਹ(ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਨਰਿੰਦਰਪਾਲ ਸਿੰਘ ਮੱਕੜ ਫੋਨ: 01731-84131 |
| 15-3-2002 | ਨਰਾਇਣਗੜ੍ਹ(ਹਰਿ:) | ਪਾਠ-ਸਮਾਪਤੀ ਤੇ ਯੱਗ ਸਮਾਗਮ , ਸ:ਸਤਨਾਮ ਸਿੰਘ ਦੇ ਗ੍ਰਹਿ ਵਿਖੇ। |
| 15-3-2002 | ਪਾਹੜੀਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 16-3-2002 | ਪਹਾੜੀਪੁਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 16-3-2002 | ਸੰਢੌਰਾ (ਜਮੁਨਾ ਨਗਰ) | ਪਹੁੰਚ ਤੇ ਦੀਵਾਨ ਰਾਤ, ਸ੍ਰ: ਭਗਵਾਨ ਸਿੰਘ ਦੇ ਗ੍ਰਹਿ |
| 17-3-2002 | ਫਿਰੋਜਪੁਰ (ਜਮੁਨਾਨਗਰ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 17-3-2002 | ਨਿਆਰਸੀ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 18-3-2002 | ਨਿਆਰਸੀ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ,ਫੋਨ : 858110 |
| 18-3-2002 | ਸ਼ਾਹਬਾਦ (ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਸਤਵਿੰਦਰ ਸਿੰਘ,ਫੋਨ : 40310 |
| 19-3-2002 | ਗੌਰਸੀਆਂ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 19-3-2002 | ਜਗੌਲੀ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 20-3-2002 | ਜਗੌਲੀ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਫੋਨ: 852139 |
| 20-3-2002 | ਦੁਰਗਾ ਨਗਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 21-3-2002 | ਦੁਰਗਾ ਨਗਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਸ: ਸ਼ੇਰ ਸਿੰਘ ਨਾਗਪਾਲ,ਦੁਰਗਾ ਨਗਰ, ਹਿਸਾਰ ਰੋਡ, |
| 21-3-2002 | ਭੀਲ ਛੱਪਰ (ਜ: ਨ:) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 22-3-2002 | ਭੀਲ ਛੱਪਰ (ਜ: ਨ:) | ਪਾਠ-ਸਮਾਪਤੀ ਤੇ ਯੱਗ-ਸਮਾਗਮ, ਫੋਨ: 73348 |
| 22-3-2002 | ਸਹਿਜਾਦਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ,ਸ: ਪ੍ਰੇਮ ਸਿੰਘ ਦੇ ਗ੍ਰਹਿ ਵਿਖੇ ਫੋਨ : 0171-31-77283 |
| 23-3-2002 | ਉਦੇਪੁਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਗੁਰਦੁਆਰਾ ਸਾਹਿਬ, ਫੋਨ : 01762-32228 |

| | | |
|---|---|---|
| 23-3-2002 | ਨੰਗਲ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 24-3-2002 | ਨੰਗਲ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਫੋਨ: 2855008 |
| 24-3-2002 | ਦੁਰਗਾ ਨਗਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਸ੍ਰ: ਅਮਰੀਕ ਸਿੰਘ ਫੋਨ : 2531866 ਘਰ |
| 25-3-2002 | ਦੁਰਗਾ ਨਗਰ (ਅੰਬਾਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 25-3-2002 | ਸਹਾਰਨਪੁਰ | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ। |
| 26-3-2002 | ਸਹਾਰਨਪੁਰ | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 26-3-2001 | ਕਰੇੜਾ (ਯ: ਨ:) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ ਫੋਨ : 0171-37-81209 |
| 27-3-2002 | ਕਰੇੜਾ (ਯ: ਨ:) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 27-3-2002 ਤੋਂ 28-3-2002 ਤੱਕ | ਯਮੁਨਾ ਨਗਰ (ਹਰਿ:) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 29-3-2002 | ਡੇਰਾ ਬਸੀ (ਪਟਿਆਲਾ) | ਪਹੁੰਚ ਤੇ ਦੀਵਾਨ ਰਾਤ, ਸੁਦਾਗਰ ਸਿੰਘ ਫੋਨ: 30386 |
| 30-3-2002 | ਡੇਰਾ ਬਸੀ (ਪਟਿਆਲਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ, |
| 30-3-2002 | ਮੁਸਤਫਾਬਾਦ (ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਰਣਜੀਤ ਸਿੰਘ ਦੇ ਗ੍ਰਹਿ ਵਿਖੇ, ਫੋਨ : 86150 |
| 31-3-2002 | ਮੁਸਤਫਾਬਾਦ (ਹਰਿ:) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 31-3-2002 | ਮੁੰਡੀ ਖਰੜ (ਰੋਪੜ) | ਪਹੁੰਚ ਤੇ ਦੀਵਾਨ ਰਾਤ, ਸ: ਭਗਵਾਨ ਸਿੰਘ ਤੇ ਸੁਰਜੀਤ ਸਿੰਘ ਦੇ ਗ੍ਰਹਿ, ਫੋਨ : 248589 |
| 1-4-2002 | ਮੁੰਡੀ ਖਰੜ (ਰੋਪੜ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 1-4-2002 | ਮਾਛੀਵਾੜਾ | ਪਹੁੰਚ ਤੇ ਦੀਵਾਨ ਰਾਤ, ਡੇਰਾ ਮਹੰਤ ਗੁਲਾਬ ਸਿੰਘ |
| 2-4-2002 | ਮਾਛੀਵਾੜਾ | ਪਾਠ-ਸਮਾਪਤੀ, ਵਿਸ਼ੇਸ਼ ਦੀਵਾਨ ਤੇ ਯੱਗ-ਸਮਾਗਮ ਬ: ਮਹੰਤ ਭਾਈ ਗੁਲਾਬ ਸਿੰਘ/ ਸੰਤ ਹਰੀ ਸਿੰਘ ਦੀ ਯਾਦ ਵਿੱਚ। ਫੋਨ : 50142 (R) |
| 3-4-2002 | ਚੱਕੀ (ਮਾਛੀਵਾੜਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ |
| 4-4-2002 | ਮਿੱਠੇਵਾਲ (ਮਾਛੀਵਾੜਾ) | ਪਾਠ-ਸਮਾਪਤੀ ਤੇ ਯੱਗ-ਸਮਾਗਮ ਗੁਰਦੁਆਰਾ ਸਾਹਿਬ। |

# ਪ੍ਰੋਗਰਾਮ ਪ੍ਰਚਾਰ-ਯਾਤਰਾ ਮਾਰਚ/ਅਪ੍ਰੈਲ 2002

## ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਕੋਡ: **0164** ਫੋਨ: **262012, 262051, 262000** ਫੈਕਸ: **262657**

ਮੋਬਾ : (ਮਹੰਤ ਸਾਹਿਬ) **98140-32957,** (ਸੰਤ ਗੁਰਚਰਨ ਸਿੰਘ) 98140-02004 ਫੋਨ: 263888

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 2-3-2002 | ਗੋਨਿਆਣਾ | ਉਦਘਾਟਨ (ਅੱਖਾਂ ਦਾ ਕੈਂਪ)<br>ਵੱਲੋਂ ਰੋਟਰੀ ਕਲੱਬ ਨੇਹੀਆਂ ਵਾਲਾ |
| 3-3-2002 | ਬਠਿੰਡਾ | ਸਤਿਸੰਗ :<br>ਸ : ਪ੍ਰਤਾਪ ਸਿੰਘ<br>ਆਦਰਸ਼ ਨਗਰ, ਗਲੀ ਨੰ: **6**, ਫੋਨ: **273707** |
| 14-3-2002 | ਗੋਨਿਆਣਾ ਭਾਈ ਜਗਤਾ ਜੀ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ | |
| 16-3-2002 | ਹੁਸ਼ਿਆਰਪੁਰ | ਸੰਤ-ਸਮਾਗਮ<br>ਮਹੰਤ ਪ੍ਰਿਤਪਾਲ ਸਿੰਘ, ਡੇਰਾ ਮਿੱਠਾ ਟਿਵਾਣਾ<br>ਫੋਨ: **221547,222521** |
| 17-3-2002 | ਲੁਧਿਆਣਾ | ਸੰਪਟ ਪਾਠ - ਸਮਾਪਤੀ<br>ਸ: ਅਜੀਤ ਸਿੰਘ ਖੁਰਾਨਾ **M.C.**<br>**116-A,** ਮਾਡਲ ਹਾਉਸ। |
| 20-3-2002 | ਅੰਬਾਲਾ | ਪਾਠ - ਸਮਾਪਤੀ<br>ਸ: ਬਲਵੰਤ ਸਿੰਘ ਡੇਅਰੀ ਵਾਲੇ,<br>ਕਲਾਲ ਮਾਜਰੀ, **H.No. 6629/4**<br>ਫੋਨ : **256193** |
| 26-3-2002 | ਸਹਾਰਨਪੁਰ | ਯੱਗ-ਸਮਾਗਮ<br>ਗੁਰਦੁਆਰਾ ਭਾਈ ਜਗਤਾ ਜੀ ਸਾਹਿਬ<br>ਨਵੀਨ ਨਗਰ, ਦਿੱਲੀ ਰੋਡ। |
| 28-3-2002 | ਲਖਣਮਾਜਰਾ<br>(ਰੋਹਤਕ) | ਸਮਾਗਮ ਹੋਲਾ - ਮਹੱਲਾ<br>ਗੁਰਦੁਆਰਾ ਨੌਵੀਂ ਪਾਤਸ਼ਾਹੀ। |
| 30-3-2002 | ਸਮਰਾਲਾ | ਸਲਾਨਾ ਸਮਾਗਮ<br>**M.A.M. School,** ਮਾਸਟਰ ਜਗੀਰ ਸਿੰਘ |
| 31-3-2002 | ਮੁਸਤਫਾਬਾਦ<br>(ਯਮੁਨਾ ਨਗਰ) | ਪਾਠ ਸਮਾਪਤੀ<br>ਸ : ਰਣਜੀਤ ਸਿੰਘ/ ਇੰਦਰਜੀਤ ਸਿੰਘ<br>ਫੋਨ : **3786150** |

| | | |
|---|---|---|
| 1-4-2002 ਤੋਂ<br>2-4-2002 ਤੱਕ | ਮਾਛੀਵਾੜਾ | ਯੱਗ-ਸਮਾਗਮ<br>ਬਰਸੀ ਮਹੰਤ ਭਾਈ ਗੁਲਾਬ ਸਿੰਘ,<br>ਸੰਤ ਹਰੀ ਸਿੰਘ ਦੀ ਯਾਦ ਵਿੱਚ।<br>ਫੋਨ : **50142** |

****

## ਡੇਰਾ ਮਹੰਤ ਗੁਲਾਬ ਸਿੰਘ ਮਾਛੀਵਾੜਾ ਵਿਖੇ

ਮਹੰਤ ਗੁਲਾਬ ਸਿੰਘ ਜੀ ਦੀ 52 ਵੀ ਬਰਸੀ ਅਤੇ ਸੰਤ ਹਰੀ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ

## ਵਿਸ਼ੇਸ਼ ਪ੍ਰੋਗਰਾਮ

ਮਿਤੀ 21 ਮਾਰਚ 2002 ਤੋਂ ਅਖੰਡ ਪਾਠਾਂ ਦੀ ਲੜੀ ਦਾ ਪ੍ਰਵਾਹ ਪ੍ਰਾਰੰਭ ਹੋਕੇ 2 ਅਪ੍ਰੈਲ 2002 ਨੂੰ 8 ਵਜੇ ਸਵੇਰੇ ਸਮਾਪਤ ਹੋਵੇਗਾ। ਸ੍ਰੀ ਮਾਨ ਸੰਤ ਬਾਬਾ ਰਾਮ ਸਿੰਘ ਨਾਨਕਸਰ ਸੀਂਘੜਾ ਵਾਲੇ 8 ਵਜੇ ਤੋਂ ਵਿਸ਼ੇਸ਼ ਕੀਰਤਨ ਸਰਵਨ ਕਰਾਉਣਗੇ। ਸਮਾਗਮ ਵਿੱਚ ਸ਼ਾਮਲ ਹੋਕੇ ਲਾਭ ਉਠਾਉਣਾ।

**ਪ੍ਰਾਰਥਕ :**

ਸੰਤ ਕਾਹਨ ਸਿੰਘ 'ਸੇਵਾ ਪੰਥੀ'
ਸੰਤ ਹਰਪਾਲ ਸਿੰਘ 'ਸੇਵਾ ਪੰਥੀ'
ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ'
ਸੰਤ ਰਣਜੀਤ ਸਿੰਘ 'ਸੇਵਾ ਪੰਥੀ'

(ਮਹੰਤ) ਤੀਰਥ ਸਿੰਘ 'ਸੇਵਾ ਪੰਥੀ'

## ਵਿਸ਼ੇਸ਼ ਸੂਚਨਾ

ਲੇਖਕ ਵਿਦਵਾਨਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਮੌਲਿਕ ਰਚਨਾਵਾਂ ਨੂੰ ਭੇਜਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣ :-

1. "ਭਾਈ ਘਨੱਈਆ ਸੇਵਾ ਜੋਤੀ" ਪਰਚੇ ਲਈ ਭੇਜਣ ਵਾਲੀ ਰਚਨਾ ਮੌਲਿਕ ਹੋਵੇ।
2. ਭੇਜਣ ਵਾਲੀ ਰਚਨਾ ਕਾਗਜ਼ ਦੇ ਇੱਕ ਪਾਸੇ ਹਾਸ਼ੀਆ ਛੱਡ ਕੇ ਸਾਫ-ਸਾਫ ਲਿਖੀ ਹੋਵੇ ਜਾਂ ਟਾਈਪ ਕੀਤੀ ਹੋਵੇ।
3. ਰਚਨਾ ਦੀ ਸ਼ੈਲੀ ਸਰਲ, ਸਪੱਸ਼ਟ ਤੇ ਹਰੇਕ ਪਾਠਕ ਦੇ ਸਮਝ 'ਚ ਆਉਣ ਵਾਲੀ ਹੋਵੇ।
4. ਰਚਨਾ ਵਿੱਚ ਗੁਰਬਾਣੀ ਦੀਆਂ ਤੁਕਾਂ ਤੇ ਪੰਨਾ ਨੰ: ਸੋਧ ਕੇ ਲਿਖਿਆ ਜਾਵੇ।
5. ਰਚਨਾ ਹਰ ਮਹੀਨੇ ਦੀ 10 ਤਰੀਖ ਤੱਕ ਭਾ: ਘ: ਸੇਵਾ ਜੋਤੀ ਦਫ਼ਤਰ ਵਿੱਚ ਪਹੁੰਚ ਜਾਣੀ ਚਾਹੀਦੀ ਹੈ।

ਸ: ਸੰਪਾਦਕ

ਲੜੀਵਾਰ ਕਥਾ

# ਸੁਖਮਨੀ ਸਾਹਿਬ

-ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

ਸਾਧਸੰਗਿ ਦੁਸਮਨ ਸਭਿ ਮੀਤ ॥
ਸਾਧੂ ਕੈ ਸੰਗਿ ਮਹਾ ਪੁਨੀਤ ॥
ਸਾਧਸੰਗਿ ਕਿਸ ਸਿਉ ਨਹੀ ਬੈਰੁ ॥
ਸਾਧ ਕੈ ਸੰਗਿ ਨ ਬੀਗਾ ਪੈਰੁ ॥
ਸਾਧ ਕੈ ਸੰਗਿ ਨਾਹੀ ਕੋ ਮੰਦਾ ॥
ਸਾਧਸੰਗਿ ਜਾਨੇ ਪਰਮਾਨੰਦਾ ॥
ਸਾਧ ਕੈ ਸੰਗਿ ਨਾਹੀ ਹਉ ਤਾਪੁ ॥
ਸਾਧ ਕੈ ਸੰਗਿ ਤਜੈ ਸਭੁ ਆਪੁ ॥
ਆਪੇ ਜਾਨੈ ਸਾਧ ਬਡਾਈ ॥
ਨਾਨਕ ਸਾਧ ਪ੍ਰਭੂ ਬਨਿ ਆਈ ॥੩॥

ਸਾਧਸੰਗਿ ਦੁਸਮਨ ਸਭਿ ਮੀਤ ॥

ਸਾਧੂ ਕੈ ਸੰਗਿ ਮਹਾ ਪੁਨੀਤ ॥

**ਅਰਥ** : ਗੁਰੂ ਜੀ ਫੁਰਮਾਉਂਦੇ ਹਨ ਕਿ ਸਾਧੂ ਦੇ ਸੰਗ ਕਰਕੇ ਹੀ ਸਾਰੇ ਦੁਸਮਨ-ਵੈਰੀ ਮੀਤ-ਮਿੱਤਰ ਹੋ ਜਾਂਦੇ ਹਨ। ਸਾਧੂ ਦੇ ਸੰਗ ਕਰਕੇ ਹੀ ਵੱਡੇ ਤੋ ਵੱਡਾ ਪਾਪੀ ਵੀ ਪੁਨੀਤ-ਪਵਿੱਤਰ ਹੋ ਜਾਂਦਾ ਹੈ। ਭਾਵ ਸਾਧੂ ਦੇ ਸੰਗ ਕਰਕੇ ਹੀ ਜੀਵ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ।

ਸਾਧਸੰਗਿ ਕਿਸ ਸਿਉ ਨਹੀ ਬੈਰੁ ॥

ਸਾਧ ਕੈ ਸੰਗਿ ਨ ਬੀਗਾ ਪੈਰੁ ॥

**ਅਰਥ** : ਸਾਧੂ ਦੇ ਸੰਗ ਕਰਕੇ ਕਿਸੇ ਨਾਲ ਵੈਰ-ਭਾਵ ਨਹੀਂ ਰਹਿੰਦਾ। ਸਾਧੂ ਦੇ ਸੰਗ ਨਾਲ ਪੈਰ ਵਿੰਗਾ ਨਹੀਂ ਪੈਂਦਾ ਭਾਵ ਜੀਵ ਭੇੜੈ ਪਾਸੇ ਨਹੀਂ ਤੁਰਦਾ।

ਸਾਧ ਕੈ ਸੰਗ ਨਾਹੀ ਕੋ ਮੰਦਾ ॥

ਸਾਧਸੰਗਿ ਜਾਨੇ ਪਰਮਾਨੰਦਾ ॥

**ਅਰਥ** : ਸਾਧੂ ਕੇ ਸੰਗ ਨਾਲ ਕੋਈ ਮਨੁੱਖ ਮੰਦਾ-ਭੈੜਾ ਨਹੀਂ ਲਗਦਾ ਕਿਉਂਕਿ ਸਾਧੂ ਦੇ ਸੰਗ ਕਰਕੇ ਹੀ ਜੀਵ ਪਰਮ ਅਨੰਦ ਸਰੂਪ ਪਰਮੇਸ਼ਰ ਨੂੰ ਜਾਣ ਲੈਂਦਾ ਹੈ।

ਸਾਧ ਕੈ ਸੰਗਿ ਨਾਹੀ ਹਉ ਤਾਪੁ ॥

ਸਾਧ ਕੈ ਸੰਗਿ ਤਜੈ ਸਭੁ ਆਪੁ ॥

**ਅਰਥ** : ਸਾਧੂ ਦੇ ਸੰਗ ਕਰਕੇ ਹਉ-ਹੰਗਤਾ, ਹਉਮੈ ਦਾ ਤਾਪੁ-ਬੁਖਾਰ ਨਹੀਂ ਰਹਿੰਦਾ। ਸਗੋਂ ਸਾਧੂ ਦੇ ਸੰਗ ਵਿੱਚ ਸਾਰਾ ਆਪਾ ਭਾਵ ਹੰਕਾਰ ਛੁੱਟ ਜਾਂਦਾ ਹੈ।

ਆਪੇ ਜਾਨੈ ਸਾਧ ਬਡਾਈ ॥

ਨਾਨਕ ਸਾਧ ਪ੍ਰਭੂ ਬਨਿ ਆਈ ॥੩॥

**ਅਰਥ** : ਸਾਧ ਦੀ ਪੂਰਨ ਵਡਿਆਈ ਨੂੰ ਪਰਮੇਸ਼ਰ ਆਪ ਹੀ ਬਣਦਾ ਹੈ ਕਿਉਂਕਿ ਸਾਧ ਦੀ ਪ੍ਰਭੂ ਨਾਲ ਪ੍ਰੀਤ ਬਣ ਜਾਂਦੀ ਹੈ।

(ਚਲਦਾ........)

ਲੜੀਵਾਰ ਕਥਾ

# ਸੋ ਦਰੁ ਰਹਿਰਾਸ ਸਾਹਿਬ

ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

## ਦੋਹਰਾ ॥

ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥

## ਚੌਪਈ ॥

ਜੋ ਇਹ ਕਥਾ ਸੁਨੈ ਅਰੁ ਗਾਵੈ ॥
ਦੂਖ ਪਾਪ ਤਿਹ ਨਿਕਟ ਨ ਆਵੈ ॥
ਬਿਸਨ ਭਗਤ ਕੀਏ ਫਲ ਹੋਈ ॥
ਆਧਿ ਬਯਾਧਿ ਛ੍ਵੈ ਸਕੈ ਨਾ ਕੋਈ ॥
ਸੰਮਤ ਸੱਤ੍ਰਹ ਸਹਸ ਪਚਾਵਨ ॥
ਹਾੜ ਵਦੀ ਪ੍ਰਿਥਮ ਸੁਖ ਦਾਵਨ ॥
ਤ੍ਵਪ੍ਰਸਾਦਿ ਕਰਿ ਗ੍ਰੰਥ ਸੁਧਾਰਾ ॥
ਭੂਲ ਪਰੀ ਲਹੁ ਲੇਹੁ ਸੁਧਾਰਾ ॥

ਦੋਹਰਾ ॥ ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥

ਅਰਥ : ਸ੍ਰੀ ਰਾਮ ਜੀ ਦੀ ਕਥਾ ਜੁਗਾਂ-ਜੁਗਾਂ ਵਿੱਚ ਭਾਵ ਸਦਾ ਲਈ ਅਟੱਲ ਹੈ। ਹਰ ਕੋਈ ਆਪਣੇ -ਆਪਣੇ ਵੀਚਾਰ ਨਾਲ ਉਸ ਕਥਾ ਨੂੰ ਨਿੱਤ ਹੀ ਵਰਣਨ ਕਰਦਾ ਹੈ। ਸ੍ਰੀ ਰਾਮ ਚੰਦਰ ਜੀ ਨੇ ਭਗਤੀ ਭਾਵਨਾ ਦਾ ਸਦਕਾ ਸਾਰੇ ਨਗਰ ਵਾਸੀਆਂ ਸਮੇਤ ਆਪ ਸਵਰਗਪੁਰੀ ਵਿੱਚ ਵਾਸਾ ਕੀਤਾ ਸੀ।

ਚੋਪਈ ॥

ਜੋ ਇਹ ਕਥਾ ਸੁਨੈ ਅਰੁ ਗਾਵੈ ॥
ਦੂਖ ਪਾਪ ਤਿਹ ਨਿਕਟ ਨ ਆਵੈ ॥

ਅਰਥ : ਜੋ ਵੀ ਕੋਈ ਇਸ (ਰਾਮ) ਕਥਾ ਨੂੰ ਸੁਣੇਗਾ ਅਤੇ ਪੜ੍ਹੇਗਾ। ਦੁੱਖ ਅਤੇ ਪਾਪ ਉਸਦੇ ਨੇੜੇ ਨਹੀਂ ਆਉਣਗੇ।

ਬਿਸਨ ਭਗਤ ਕੀਏ ਫਲ ਹੋਈ ॥
ਆਧਿ ਬਯਾਧਿ ਛ੍ਵੈ ਸਕੈ ਨਾ ਕੋਈ ॥

ਅਰਥ : ਵਿਸਨੂੰ-ਭਾਵ ਪ੍ਰਮਾਤਮਾ ਦੀ ਭਗਤੀ ਕਰਨ ਦਾ ਫਲ ਉਸ ਨੂੰ ਇਹ ਮਿਲੇਗਾ ਕਿ ਆਦਿ ਜਾਂ ਬਿਆਧ, ਤਾਪ ਉਸਨੂੰ ਛੋਹ ਵੀ ਨਹੀਂ ਸਕਣਗੇ।

ਸੰਮਤ ਸੱਤ੍ਰਹ ਸਹਸ ਪਚਾਵਨ ॥
ਹਾੜ ਵਦੀ ਪ੍ਰਿਥਮ ਸੁਖ ਦਾਵਨ ॥

ਅਰਥ : ਗ੍ਰੰਥ ਦੀ ਸਮਾਪਤੀ ਦੇ ਸਮੇਂ ਦਾ ਵਰਣਨ ਕਰਦੇ ਹਨ ਕਿ ਸਤਾਰਾਂ ਸੋ ਪਚਵੰਜਾ (੧੭੫੫) ਬਿਕ੍ਰਮੀ ਸੰਮਤ ਹੈ। ਸੁੱਖਾਂ ਦੇ ਦੇਣ ਵਾਲੀ ਹਾੜ ਵਦੀ ਪ੍ਰਿਥਮ-ਏਕਮ ਤਿੱਥ ਹੈ।

ਤ੍ਵਪ੍ਰਸਾਦਿ ਕਰਿ ਗ੍ਰੰਥ ਸੁਧਾਰਾ ॥
ਭੂਲ ਪਰੀ ਲਹੁ ਲੇਹੁ ਸੁਧਾਰਾ ॥

ਅਰਥ : ਹੇ ਅਕਾਲ ਪੁਰਖ ਜੀ। ਤੁਹਾਡੀ ਕ੍ਰਿਪਾ ਦਾ ਸਦਕਾ ਇਹ ਗ੍ਰੰਥ ਸੰਪੂਰਨ ਹੋਇਆ ਹੈ। (ਹੇ ਕਵੀ ਜਨੋ) ਜੇ ਕੋਈ ਭੁਲ ਹੋਈ (ਲਹੁ) ਲਖੋ-ਸਮਝੋ ਤਾਂ ਸੁਧਾਰ ਲੈਣਾ।

(ਚਲਦਾ........)



ੴ

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

-ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਖ਼ਾਜ਼ਨੇ ਹਰ ਗੰਜ ਗੁਰੁ ਗੋਬਿੰਦ ਸਿੰਘ ॥
ਬਰਹਮੇ ਹਰ ਰੰਜ ਗੁਰੁ ਗੋਬਿੰਦ ਸਿੰਘ ॥
ਦਾਵਰਿ ਆਫ਼ਾਕ਼ ਗੁਰੁ ਗੋਬਿੰਦ ਸਿੰਘ ॥
ਹਰ ਦੋ ਆਲਾਮ ਤਾਕ਼ ਗੁਰੁ ਗੋਬਿੰਦ ਸਿੰਘ ॥
ਹੱਕ ਖ਼ੁਦ ਵੱਸਾਫ਼ਿ ਗੁਰੁ ਗੋਬਿੰਦ ਸਿੰਘ ॥
ਬਰਤਰੀਂ ਔਸਾਫ਼ਿ ਗੁਰੁ ਗੋਬਿੰਦ ਸਿੰਘ ॥

ਖ਼ਾਜ਼ਨੇ ਹਰ ਗੰਜ ਗੁਰੁ ਗੋਬਿੰਦ ਸਿੰਘ ॥
ਬਰਹਮੇ ਹਰ ਰੰਜ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਹਰ ਖ਼ਜ਼ਾਨੇ ਦਾ ਖ਼ਜਾਨਚੀ ਹੈ, ਗੁਰੂ ਗੋਬਿੰਦ ਸਿੰਘ ਹਰ ਦੁੱਖ ਦਰਦ ਨੂੰ ਦੂਰ ਕਰਨ ਵਾਲਾ ਹੈ।

ਦਾਵਰਿ ਆਫ਼ਾਕ਼ ਗੁਰੁ ਗੋਬਿੰਦ ਸਿੰਘ ॥
ਹਰ ਦੋ ਆਲਾਮ ਤਾਕ਼ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਹਾਕਮ ਹੈ, ਦੋਹਾਂ ਜਹਾਨਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਬਰਾਬਰ ਦਾ ਹੋਰ ਕੋਈ ਨਹੀ ਹੈ।

ਹੱਕ ਖ਼ੁਦ ਵੱਸਾਫ਼ਿ ਗੁਰੁ ਗੋਬਿੰਦ ਸਿੰਘ ॥
ਬਰਤਰੀਂ ਔਸਾਫ਼ਿ ਗੁਰੁ ਗੋਬਿੰਦ ਸਿੰਘ ॥

ਅਰਥ : ਰੱਬ ਆਪ ਗੁਰੂ ਗੋਬਿੰਦ ਸਿੰਘ ਦਾ ਢਾਡੀ ਹੈ, ਗੁਰੂ ਗੋਬਿੰਦ ਸਿੰਘ ਸਰਵੋਤਮ ਗੁਣਾਂ ਦਾ ਧਾਰਨੀ ਹੈ।

(ਚਲਦਾ........)

# ਸਿੱਖ ਧਰਮ ਵਿੱਚ

## ਨਾਰੀ ਦਾ ਰੁਤਬਾ ਤੇ ਯੋਗਦਾਨ

-ਨਵਜੀਤ ਕੌਰ

ਸਮਾਜ ਨਿਰਮਾਣ ਵਿੱਚ ਪੁਰਸ਼ ਤੇ ਨਾਰੀ ਨੂੰ ਦੋ ਪਰਸਪਰ ਪੂਰਕ ਤੱਤਾਂ ਵਜੋਂ ਮੰਨਿਆ ਤੇ ਪ੍ਰਵਾਨਿਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਦੋਹਾਂ ਬਿਨਾਂ ਇੱਕ ਦੂਜੇ ਦੀ ਹੋਂਦ ਅਧੂਰੀ ਹੈ ਪਰ ਦੁਖਾਂਤ ਇਹ ਹੈ ਕਿ ਇਹ ਗੱਲ ਕਹਿਣ ਵਿੱਚ ਵਧੇਰੇ ਆਈ ਹੈ, ਕਰਨ ਵਿੱਚ ਘੱਟ।

ਆਦਿ ਕਾਲ ਤੋਂ ਪੁਰਸ਼-ਪ੍ਰਧਾਨ ਸਮਾਜ ਵਿੱਚ ਨਾਰੀ ਅਨੇਕਾਂ ਹੀ ਰੂਪ ਪਹਿਨਦੀ, ਹੰਢਾਉਂਦੀ ਤੇ ਕਈ ਵਾਰ ਬਰਦਾਸ਼ਤ ਵੀ ਕਰਦੀ ਆਈ ਹੈ। ਸਮਾਜਿਕ ਬੰਧਨਾਂ ਵਿੱਚ ਕਦੇ ਉਸ ਨੂੰ ਰਾਣੀ ਕਿਹਾ ਗਿਆ ਤੇ ਕਦੇ ਦਾਸੀ। ਅਨੇਕਾਂ ਰੂਪਾਂ ਦੀਆਂ ਬੇੜੀਆਂ ਵਿੱਚ ਸਵਾਰ ਉਹ ਸਦੀਆਂ ਤੋਂ ਆਪਣਾ ਵਜੂਦ ਸਥਾਪਿਤ ਕਰਨ ਲਈ ਅਣਥਕ ਮਿਹਨਤ ਤੇ ਕਦੇ ਨਾ ਮੁੱਕਣ ਵਾਲੀ ਲੜਾਈ ਲੜ ਰਹੀ ਹੈ। ਇਹ ਗੱਲ ਕਹਿਣ ਵਿੱਚ ਹੀ ਆਉਂਦੀ ਹੈ ਕਿ ਹਰੇਕ ਪੁਰਸ਼ ਪਿੱਛੇ ਕਿਸੇ ਨਾ ਕਿਸੇ ਔਰਤ ਦਾ ਹੱਥ ਹੁੰਦਾ ਹੈ, ਉਹ ਔਰਤ ਮਾਂ, ਪਤਨੀ, ਭੈਣ, ਧੀ ਕਿਸੇ ਦਾ ਵੀ ਹੋ ਸਕਦਾ ਹੈ, ਪਰ ਇਸਦੇ ਬਾਵਜੂਦ ਭਾਰਤ ਵਿੱਚ ਪੁਰਸ਼-ਪ੍ਰਧਾਨ ਸਮਾਜ ਕਾਰਨ ਨਾਰੀ ਤ੍ਰਿਸਕਾਰੀ ਜਾ ਰਹੀ ਹੈ। ਉਹ ਦੇਵੀ ਦੇ ਰੂਪ ਵਿੱਚ ਲਕਸ਼ਮੀ ਤੇ ਸਰਸਵਤੀ ਹੈ ਪਰ ਆਪ ਉਹ ਪੈਸੇ-ਪੈਸੇ ਦੀ ਮੁਥਾਜਗੀ ਤੇ ਹਨੇਰੇ ਦੀ ਦਲਦਲ 'ਚ ਫਸੀ ਪੁਰਸ਼ਾਂ ਨੂੰ ਮਾਣ ਲੈਣ ਦੇ ਯੋਗ ਬਣਾਉਂਦੀ ਹੈ।

ਨਾਰੀ ਦਾ ਸਰੂਪ ਤੇ ਅਧਿਕਾਰ ਆਦਿ ਕਾਲ ਵਿੱਚੋਂ ਕਾਫੀ ਵਧੀਆ ਸਨ, ਜਿਹੜੇ ਸਮਾਂ ਪਾ ਕੇ ਹੌਲੀ-ਹੌਲੀ ਖਤਮ ਹੁੰਦੇ ਗਏ। ਸਮਾਜ ਵਿੱਚ ਉਸਦਾ ਇਹ ਸਨਮਾਨ ਤੇ ਅਧਿਕਾਰ ਉਪਨਿਸ਼ਦ ਕਾਲ, ਸੂਤਰਕ ਕਾਲ, ਬੁੱਧ ਤੇ ਜੈਨ ਕਾਲ ਵਿੱਚੋਂ ਲੰਘਦਿਆਂ ਅੱਠਵੀਂ ਸਦੀ ਤਕ ਬਿਲਕੁਲ ਖ਼ਤਮ ਹੋ ਗਿਆ। ਉਸਨੂੰ ਪੁਰਸ਼ ਸਮਾਜ ਨੇ ਪਰਦਾ ਦੇ ਕੇ 'ਹਰਮ' ਵਿੱਚ ਸਥਾਨ ਦੇ ਦਿੱਤਾ। ਵਿਆਹ ਛੋਟੀ ਉਮਰੇ ਹੋਣ ਕਰਕੇ ਤੇ ਔਰਤਾਂ ਦੀ ਬੇਪਤੀ ਕਰਕੇ ਹੀ ਨਾਰੀ ਕਤਲ ਦਾ ਸੰਕਲਪ ਹੋਂਦ ਵਿੱਚ ਆਇਆ।

ਨਾਰੀ ਦਾ ਸਮਾਜ ਵਿੱਚ ਇਹ ਸਰੂਪ ਸਪੱਸ਼ਟ ਕਰਕੇ ਹੀ ਗੁਰਮਤਿ ਸਾਹਿਤ ਵਿੱਚ ਨਾਰੀ ਦੇ ਯੋਗਦਾਨ ਨੂੰ ਵਿਚਾਰਿਆ ਜਾ ਸਕਦਾ ਹੈ ਕਿਉਂਕਿ ਗੁਰਮਤਿ ਨੇ ਉਸ ਸਮੇਂ ਦੇ ਨਾਰੀ ਸੰਕਲਪ ਨਾਲੋਂ ਵੱਖਰਾ ਰੂਪ ਨਾਰੀ ਨੂੰ ਪ੍ਰਦਾਨ ਕੀਤਾ ਹੈ। ਉਸ ਸਮੇਂ ਮੁਸਲਿਮ ਸੱਭਿਆਚਾਰ ਪ੍ਰਚੱਲਿਤ ਸੀ, ਜਿਹੜਾ ਨਾਰੀ ਨੂੰ ਭੋਗਣ ਦੀ ਵਸਤੂ ਮਾਤਰ ਸਮਝਦਾ ਸੀ। ਪੁਰਸ਼ ਚਾਰ ਵਿਆਹ ਕਰਵਾ ਸਕਦਾ ਸੀ। ਨਾਰੀ ਨੂੰ ਭਾਵੇਂ ਇਹ ਅਧਿਕਾਰ ਸੀ ਪਰ ਬਿਨਾਂ ਤਲਾਕ ਦਿੱਤੇ ਉਹ ਦੂਜਾ ਵਿਆਹ ਨਹੀਂ ਸੀ ਕਰ ਸਕਦੀ। ਧਾਰਮਿਕ, ਰਾਜਨੀਤਕ ਕਾਰਜਾਂ ਵਿੱਚ ਹਿੱਸਾ ਲੈਣ ਦਾ ਵੀ ਉਸਨੂੰ ਕੋਈ ਹੱਕ ਨਹੀਂ ਸੀ। ਪੁੱਤਰ ਤੇ ਪਤੀ ਤੋਂ ਛੁੱਟ ਸਾਰੇ ਘਰ ਦੇ ਪੁਰਸ਼ਾਂ ਤੋਂ ਵੀ ਉਸਨੂੰ ਪਰਦਾ ਕਰਨਾ ਪੈਂਦਾ ਸੀ। ਅਜਿਹੀ ਕਰੁਣਾਮਈ ਸਥਿਤੀ ਵਿੱਚ ਹੀ ਸਿੱਖ ਧਰਮ ਵਿੱਚ ਬੇਬੇ ਨਾਨਕੀ, ਮਾਤਾ ਤ੍ਰਿਪਤਾ, ਬੀਬੀ ਭਾਨੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ, ਮਾਤਾ ਸਾਹਿਬ ਕੌਰ ਨਾਰੀਆਂ ਉਭਰ ਕੇ ਸਾਹਮਣੇ ਆਈਆਂ ਜਿਨ੍ਹਾਂ ਨੇ ਨਾ ਸਿਰਫ ਔਰਤ ਦੇ ਸਰੂਪ ਦਾ ਨਵਾਂ ਪੱਖ ਹੀ ਉਘਾੜਿਆ, ਸਗੋਂ ਅਗਲੇ ਸਮੇਂ ਵਿੱਚ ਵੀ ਨਾਰੀਆਂ ਦੀ

ਰਹਿਨੁਮਾਈ ਕੀਤੀ। ਨਾਰੀ ਸ਼ੋਸ਼ਨ ਦੇ ਨਾਸੂਰ ਨੂੰ ਮੁਕਾਉਣ ਲਈ ਗੁਰੂ ਗੋਬਿੰਦ ਸਿੰਘ ਨੇ 'ਚੰਡੀ' ਰਾਹੀਂ ਦੁਰਗਾ ਦੇ ਸਰੂਪ ਨੂੰ ਉਘਾੜਿਆ, ਪਿਆਰ ਤੇ ਸ਼ਕਤੀਸ਼ਾਲੀ ਨਾਰੀ ਦੀ ਮੂਰਤ ਸਿੱਧ ਕੀਤਾ। ਨਾਰੀ ਤੇ ਪੁਰਸ਼ ਦੀ ਬਰਾਬਰਤਾ ਨੂੰ ਸਿੱਧ ਕਰਨ ਲਈ ਗੁਰਮਤਿ ਸਾਹਿਤ ਵਿੱਚ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਹੀ ਆਪਣੇ ਆਪ ਨੂੰ ਨਾਰੀ ਰੂਪ ਵਿੱਚ ਕਲਪਿਤ ਕਰਕੇ ਅਧਿਆਤਮਕ ਕਾਵਿ ਦੀ ਸਿਰਜਣਾ ਕੀਤੀ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਜੋਗ ਮਤ ਤੇ ਸੂਫ਼ੀ ਨਾਰੀ ਨੂੰ ਅਧਿਆਤਮਕ ਸਾਧਨਾ ਵਿੱਚ ਰੋੜਾ ਮੰਨਦਿਆਂ ਗ੍ਰਹਿਸਥ ਜੀਵਨ ਨੂੰ ਨਕਾਰਦਾ ਸੀ, ਜਦੋਂ ਕਿ ਗੁਰੂ ਸਾਹਿਬ ਨੇ ਇਸ ਜੀਵਨ ਨੂੰ ਇੱਕ ਦੂਜੇ ਦਾ ਪੂਰਕ ਸਿੱਧ ਕੀਤਾ।

ਨਾਰੀ ਨੂੰ ਘਰ ਵਿੱਚ ਸ੍ਰੇਸ਼ਟਤਾ ਦਿੱਤੀ। ਉਸਨੂੰ ਖਾਨਦਾਨ ਦਾ ਉਧਾਰ ਕਰਨ ਵਾਲੀ ਕਿਹਾ:

**ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥**

ਪਰਿਵਾਰ ਵਿੱਚ ਉਸਦੀ ਹੋਂਦ ਨਾਲ ਨਾ ਸਿਰਫ ਪਰਿਵਾਰ ਸਗੋਂ ਸਮਾਜਿਕ ਵਾਤਾਵਰਣ ਵੀ ਸੁਖਾਵਾਂ ਬਣਿਆ ਰਹਿੰਦਾ ਹੈ। ਉਸਦੀ ਸ਼ਖ਼ਸੀਅਤ ਆਪਣੇ ਪੁੱਤਰ ਤੇ ਪਤੀ ਲਈ ਆਦਰਸ਼ ਹੁੰਦੀ ਹੈ ਕਿਉਂਕਿ ਉਸ ਤੋਂ ਹੀ ਸਾਰਾ ਪਰਿਵਾਰ ਪ੍ਰਭਾਵ ਕਬੂਲਦਾ ਹੈ। ਪੁਰਸ਼ ਦੀ ਵਿੱਦਿਆ ਸਿਰਫ਼ ਉਸੇ ਤੱਕ ਸੀਮਿਤ ਰਹਿੰਦੀ ਹੈ ਜਦੋਂ ਕਿ ਨਾਰੀ ਦੀ ਵਿੱਦਿਆ ਨਾਲ ਘਰ ਤੇ ਆਲਾ ਦੁਆਲਾ ਦੋਵੇਂ ਰੋਸ਼ਨ ਹੁੰਦੇ ਹਨ। ਇਸੇ ਲਈ ਗੁਰੂ ਸਾਹਿਬਾਨ ਨੇ ਨਾਰੀ ਵਿੱਦਿਆ ਦੇ ਕਈ ਉਪਰਾਲੇ ਕੀਤੇ।

ਗ੍ਰਹਿਸਥ ਜੀਵਨ ਵਿੱਚ ਨਾਰੀ ਤੇ ਪੁਰਸ਼ ਦੇ ਸਾਥ ਲਈ ਸਮਾਜਿਕ ਮਹੱਤਤਾ ਦਿੰਦਿਆਂ ਵਿਆਹ ਦੀ ਰਸਮ ਨੂੰ ਮਹੱਤਤਾ ਦਿੱਤੀ ਕਿਉਂਕਿ 'ਹਰਮ' ਤੇ 'ਪਰਦੇ' ਕਾਰਨ ਸਮਾਜ ਵਿੱਚ ਬਿਨਾਂ ਵਿਆਹ ਕੀਤੇ ਪਤਨੀਆਂ ਰੱਖਣ ਦੀ ਪਰੰਪਰਾ ਕਾਫ਼ੀ ਵੱਧ ਗਈ ਸੀ, ਜਿਸਦਾ ਜ਼ਿੰਮੇਵਾਰ ਹਾਕਮ ਵਰਗ ਸੀ। ਨਾਰੀ ਤੇ ਪੁਰਸ਼ ਦਾ ਰਿਸ਼ਤਾ ਸੰਸਾਰਕ ਨਾ ਦੱਸਦਿਆਂ ਆਤਮਿਕ ਤੇ ਮਾਨਸਿਕ ਸਿੱਧ ਕੀਤਾ ਜੋ ਧੁਰੋਂ ਹੀ ਬਣਿਆ ਆਉਂਦਾ ਹੈ।

ਨਾਨਕ ਸਾ ਧਨ ਮਿਲੈ ਮਿਲਾਈ
ਜਿਸ ਨੋ ਆਪਿ ਮਿਲਾਏ ॥

ਗ੍ਰਹਿਸਥ ਆਸ਼ਰਮ ਵਿੱਚ ਦੂਜੀ ਨਾਰੀ ਤੇ ਦੂਜੇ ਪੁਰਸ਼ ਦੀ ਹੋਂਦ ਨੂੰ ਉਸੇ ਰੂਪ ਵਿੱਚ ਹੀ ਜਾਇਜ਼ ਕਰਾਰ ਦਿੱਤਾ ਜਦੋਂ ਦੋਹਾਂ ਵਿੱਚੋਂ ਕਿਸੇ ਇੱਕ ਦੀ ਮੌਤ ਹੋ ਗਈ ਹੋਵੇ। ਇਸ ਦਾ ਇੱਕ ਕਾਰਨ ਜਿੱਥੇ ਵਿਧਵਾ ਵਿਆਹ ਨੂੰ ਪ੍ਰਮੁੱਖਤਾ ਦੇਣਾ ਸੀ ਉਥੇ 'ਸਤੀ' ਵਰਗੀ ਭੈੜੀ ਰਸਮ ਦੀ ਨਿਖੇਧੀ ਕਰਨਾ ਵੀ ਸੀ। ਸਤੀ ਦਾ ਸੰਕਲਪ ਹੋਣ ਕਾਰਨ ਵਿਧਵਾ ਨੂੰ ਪਤੀ ਦੇ ਨਾਲ ਹੀ ਅੱਗ ਵਿੱਚ ਸੜਨਾ ਪੈਂਦਾ ਸੀ। ਗੁਰੂ ਸਾਹਿਬ ਨੇ ਇਹ ਸਪਸ਼ੱਟ ਕੀਤਾ ਕਿ ਪਤੀ ਨਾਲ ਸੜਨ ਨਾਲ ਵੀ ਪਤੀ ਦੀ ਪ੍ਰਾਪਤੀ ਨਹੀਂ ਹੁੰਦੀ, ਇਸ ਲਈ ਸਤੀ ਹੋਣਾ ਗਲਤ ਹੈ:

ਜਲੈ ਨ ਪਾਈਐ ਰਾਮ ਸਨੇਹੀ ॥
ਕਿਰਤਿ ਸੰਜੋਗਿ ਸਤੀ ਉਠੀ ਹੋਈ ॥

ਬਿਨਾਂ ਪਤੀਵ੍ਰਤ ਧਰਮ ਦੇ ਕੋਈ ਵੀ ਨਾਰੀ ਸਤੀ ਨਹੀਂ ਅਖਵਾ ਸਕਦੀ। ਉਨ੍ਹਾਂ ਨੇ ਸਤੀਆਂ ਪ੍ਰਤੀ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਜੋ ਵਿਛੋੜੇ ਦੀ ਅੱਗ ਵਿੱਚ ਦਿਨ ਰਾਤ ਜਲਦੀਆਂ ਹਨ ਅਸਲੀ ਸਤੀਆਂ ਉਹ ਹਨ:

ਸਤੀਆ ਇਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥
ਸੇਵਨ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ ॥

ਨਾਰੀ ਦੇ ਗੁਣਾਂ ਤੇ ਸੁਭਾਅ ਨੂੰ ਉਲੀਕਣ ਵਾਲੇ ਦੋ ਰੂਪ 'ਸੁਹਾਗਣ' ਤੇ 'ਦੁਹਾਗਣ' ਦੀ ਕਲਪਨਾ ਕਰਕੇ ਗੁਰੂ ਸਾਹਿਬ ਨੇ ਕਰਮਾਂ ਨੂੰ ਨਿਖੇੜਿਆ। ਦੁਹਾਗਣ ਇਸਤ੍ਰੀ ਉਹ ਹੈ ਜੋ ਪਤੀ ਤੋਂ ਵਿਮੁਖ ਹੋਈ ਇਕੱਲੀ ਹੈ। ਇਸੇ ਕਰਕੇ ਉਹ ਸਮਾਜ ਵਲੋਂ ਤ੍ਰਿਸਕਾਰੀ ਜਾ ਰਹੀ ਹੈ। ਪਤੀ ਦੇ ਘਰ ਹੀ ਉਸਨੂੰ ਮਾਣ ਮਿਲ ਸਕਦਾ ਹੈ। ਸੁਹਾਗਣ ਉਹ ਹੈ ਜਿਹੜੀ ਗੁਣਵੰਤੀ ਹੈ। ਕਦਰਾਂ ਕੀਮਤਾਂ ਨੂੰ ਧਿਆਨ 'ਚ ਰਖੱਦਿਆਂ ਪਰ ਪੁਰਸ਼ ਦੀ ਥਾਂ ਸਿਰਫ਼ ਇਕ ਹੀ ਪਤੀ ਉਤੇ ਕੇਂਦਰਿਤ ਹੈ। ਸਹੁਰੇ ਘਰ ਵਿੱਚ ਹੀ ਨਾਰੀ ਸੋਭਦੀ ਹੈ। ਇਸ ਲਈ ਗੁਰੂ ਸਾਹਿਬ ਨੇ ਇਸ ਸੰਸਾਰ ਨੂੰ ਪੇਕਾ ਘਰ ਤੇ ਪਰਮਾਤਮਾ ਦੇ ਘਰ ਨੂੰ ਸਹੁਰਾ ਘਰ ਕਿਹਾ ਹੈ, ਕਿਉਂਕਿ ਨਾਰੀ ਨੂੰ ਪਤਨੀ ਤੇ ਮਾਂ ਦੇ ਹੱਕ ਉਸੇ ਵਿੱਚ ਹੀ ਮਿਲਣੇ ਹਨ। ਨਾਰੀ ਦੇ ਪਤਨੀ ਸਰੂਪ ਨੂੰ ਸਾਰਥਕ ਸਿੱਧ ਕਰਨ ਦੇ ਨਾਲ-ਨਾਲ ਮਾਤਾ ਦੇ ਰੂਪ ਨੂੰ ਵੀ ਮਹਤੱਵ ਦਿੱਤਾ ਕਿਉਂਕਿ ਜਿਹੜੀ ਨਾਰੀ ਪੁਰਸ਼ ਪੈਦਾ ਕਰਦੀ ਹੈ ਉਹ ਨਿੰਦਣਯੋਗ ਨਹੀਂ। ਰਾਜਿਆਂ ਪੀਰਾਂ ਦੀ ਜਨਨੀ 'ਨਾਰੀ' ਹੀ ਹੈ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

ਬਰਾਬਰਤਾ ਸਿੱਧ ਕਰਨ ਲਈ ਪਰਦੇ ਨੂੰ ਦੂਰ ਕੀਤਾ। ਪਰਦੇ ਦੀ ਰਸਮ ਨੂੰ ਖ਼ਤਮ ਕਰਨ ਲਈ ਨਾਰੀ ਨੂੰ ਸੰਗਤ ਤੇ ਪੰਗਤ ਵਿੱਚ ਥਾਂ ਦਿੱਤੀ। ਖਾਲਸੇ ਦੀ ਸਥਾਪਨਾ ਵੇਲੇ ਦਸਮੇਸ਼ ਪਿਤਾ ਨੇ ਪਿਲਾਏ ਜਾਣ ਵਾਲੇ ਅੰਮ੍ਰਿਤ ਦੇ ਬਾਟੇ ਵਿੱਚ ਪਤਾਸੇ ਮਾਤਾ ਸਾਹਿਬ ਕੌਰ ਕੋਲੋਂ ਪੁਆਏ ਸਨ। ਗੁਰੂ ਸਾਹਿਬਾਨ ਨੇ ਨਾਰੀ ਦਾ ਰੂਪ ਅਬਲਾ ਤੋਂ ਚੰਡੀ ਦਾ ਬਣਾ ਦਿੱਤਾ, ਜੋ ਘਰ ਦੇ ਫ਼ਰਜ਼ਾਂ ਦੀ ਪੂਰਤੀ ਵੀ ਕਰਦੀ ਸੀ ਤੇ ਲੋੜ ਪੈਣ ਉਤੇ ਦੁਰਗਾ ਬਣ ਕੇ ਦੁਸ਼ਮਣਾਂ ਦਾ ਨਾਸ਼ ਵੀ ਕਰਦੀ। ਦੁਰਗਾ ਰਾਹੀਂ ਇਹ ਸਪਸ਼ੱਟ ਕੀਤਾ ਕਿ ਨਾਰੀ ਨਾ ਹੀ ਸਰੀਰਕ ਪੱਖੋਂ ਪੁਰਸ਼ ਨਾਲੋਂ ਕਮਜ਼ੋਰ ਹੈ ਅਤੇ ਨਾ ਹੀ ਮਾਨਸਿਕ ਪੱਖੋਂ। ਲੋੜ ਪੈਣ ਉਤੇ ਉਹ ਬੁੱਧੀ ਤੇ ਚਤੁਰਾਈ ਨਾਲ ਦੁਸ਼ਮਣਾਂ ਨਾਲ ਯੁੱਧ ਵੀ ਕਰ ਸਕਦੀ ਹੈ।

ਇਤਿਹਾਸ ਵਿੱਚ ਵੀ ਇਤਿਹਾਸਕਾਰਾਂ ਨੇ ਬਹੁਤਾ ਪੁਰਸ਼ਾਂ ਦੀ ਸੂਰਬੀਰਤਾ ਨੂੰ ਹੀ ਉਘਾੜਿਆ ਹੈ, ਨਾਰੀ ਨੂੰ ਘੱਟ। ਜਦੋਂ ਨਾਰੀ ਦੀਆਂ ਕੁਰਬਾਨੀਆਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ...... ਆਦਿ ਤੱਕ ਹੀ ਸੀਮਤ ਕਰ ਦਿੱਤਾ ਜਾਂਦਾ ਹੈ। ਸਿੱਖ ਇਤਿਹਾਸ ਦੀਆਂ ਨਾਰੀਆਂ ਦੋ ਰੂਪ ਲੈ ਕੇ ਉਘੜੀਆਂ ਹਨ। ਪਹਿਲੀਆਂ ਉਹ ਜਿਨ੍ਹਾਂ ਨੇ ਨਾਰੀ ਦੇ ਮਾਣ ਤੇ ਸਮਾਜਿਕ ਰੁਤਬੇ ਨੂੰ ਉੱਚਾ ਕੀਤਾ। ਦੂਜੀਆਂ ਉਹ ਜਿਨ੍ਹਾਂ ਨੇ ਸ਼ਹਾਦਤ ਤੇ ਕੁਰਬਾਨੀਆਂ ਦਿੱਤੀਆਂ।

ਨਾਰੀ ਦੇ ਮਾਣ ਤੇ ਸਮਾਜਿਕ ਰੁਤਬੇ ਨੂੰ ਉੱਚਾ ਕਰਨ ਲਈ ਗੁਰੂ ਸਾਹਿਬਾਨ ਨੇ ਪਹਿਲ ਘਰੋਂ ਹੀ ਕੀਤੀ। ਬੇਬੇ ਨਾਨਕੀ ਨੇ ਹੀ ਗੁਰੂ ਨਾਨਕ ਦੇ ਧਰਮ ਨੂੰ ਪਹਿਲਾਂ ਗ੍ਰਹਿਣ ਕੀਤਾ ਸੀ।

ਇਵੇਂ ਹੀ ਬੀਬੀ ਭਾਨੀ, ਨਾ ਸਿਰਫ਼ ਇੱਕ ਗੁਰੂ ਪੁੱਤਰੀ ਸਗੋਂ ਗੁਰੂ ਪਤਨੀ ਤੇ ਗੁਰੂ ਮਾਤਾ ਸਨ, ਇਸੇ ਕਰਕੇ ਹੀ ਉਨ੍ਹਾਂ ਨੂੰ ਸੇਵਾ ਦੀ ਮੂਰਤ ਵੀ ਕਿਹਾ ਜਾਂਦਾ ਹੈ ਕਿਉਂਕਿ ਪਿਤਾ ਦੀ ਸੇਵਾ ਕਰਨ ਸਦਕਾ ਹੀ ਪਤੀ ਨੂੰ ਗੁਰਗੱਦੀ ਦੇਣ ਦਾ ਵਚਨ ਮਿਲਿਆ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਹੋਰ ਅਨੇਕਾਂ ਹੀ ਸਿੰਘਾਂ ਦੀਆਂ ਪਤਨੀਆਂ ਨੇ ਨਾ ਸਿਰਫ਼ ਪਰਿਵਾਰਕ ਫ਼ਰਜ਼ ਹੀ ਪੂਰੇ ਕੀਤੇ ਸਗੋਂ ਸਿੱਖ ਇਤਿਹਾਸ ਨੂੰ ਸਿਰਜਣ ਵਿੱਚ ਯੋਗ ਹਿੱਸਾ ਪਾਇਆ। ਇਨ੍ਹਾਂ ਸਾਰੀਆਂ ਨਾਰੀਆਂ ਦੀ ਪ੍ਰਤੀਨਿੱਧਤਾ ਮਾਤਾ ਗੁਜਰੀ ਤੇ ਮਾਤਾ ਸੁੰਦਰੀ ਕਰਦੇ ਹਨ, ਜਿਨ੍ਹਾਂ ਨੇ ਸੂਰਮੇ ਪੁੱਤ ਬਣਾ ਕੇ ਸਿੱਖ ਧਰਮ ਲਈ ਹੱਸ-ਹੱਸ ਕੁਰਬਾਨ ਕਰਦਿਆਂ ਸਮੁੱਚੀ ਮਾਨਵਤਾ ਦੀ ਰੱਖਿਆ ਕੀਤੀ। ਮਾਤਾ ਗੁਜਰੀ ਨੇ ਨਾ ਸਿਰਫ਼ ਪਤੀ ਹੀ ਸਗੋਂ ਪੁੱਤਰ ਤੇ ਪੋਤਰੇ ਵੀ ਸ਼ਹੀਦ ਕਰਵਾਏ। ਧਰਮ ਦੀ ਰੱਖਿਆ ਲਈ ਦ੍ਰਿੜ ਹੋਕੇ ਸ਼ਹੀਦ ਹੋਣ ਵਾਲੇ ਇਨ੍ਹਾਂ ਸੂਰਬੀਰਾਂ ਨੂੰ ਬਹਾਦਰ ਮਾਤਾ ਦੀ ਹੀ ਸਿੱਖਿਆ ਪ੍ਰਾਪਤ ਕੀਤੀ ਸੀ।

੧੮ਵੀਂ ਸਦੀ ਤੱਕ ਸਿੱਖ ਨਾਰੀ ਦਾ ਕਿਰਦਾਰ ਨਾ ਸਿਰਫ਼ ਮਮਤਾ ਤੇ ਤਿਆਗਮਈ ਨਾਰੀ ਦਾ ਹੀ ਉਘੜਦਾ ਹੈ ਸਗੋਂ ਚੰਗੀ ਨੀਤੀਵਾਨ ਤੇ ਯੋਧਾ ਨਾਰੀ ਦਾ ਸਰੂਪ ਵੀ ਸਪਸ਼ੱਟ ਹੁੰਦਾ ਹੈ। ਬੀਬੀ ਸ਼ਰਨ ਕੌਰ ਆਜਿਹੀ ਹੀ ਇੱਕ ਵੀਰ ਯੋਧਾ ਸੀ, ਜਿਸਨੇ ਮੋਏ ਸਿੰਘਾਂ ਦੀਆਂ ਲਾਸ਼ਾਂ ਨੂੰ ਇਕੱਠਿਆਂ ਕਰਕੇ ਸੰਸਕਾਰ ਕੀਤਾ। ਮਾਈ ਭਾਗੋ ਅਜਿਹੀਆਂ ਹੀ ਨਾਰੀਆਂ ਵਿੱਚੋਂ ਇੱਕ ਸੀ, ਜਿਸਨੇ ਬੇਦਾਵਾ ਲਿਖਕੇ ਗਏ ਚਾਲੀ ਸਿੰਘਾਂ ਨੂੰ ਨਾ ਸਿਰਫ਼ ਮੋੜ ਲਿਆਂਦਾ ਸਗੋਂ ਦਸਮੇਸ਼ ਪਿਤਾ ਲਈ ਕੀਤੀ ਲੜਾਈ ਵਿੱਚ ਉਨ੍ਹਾਂ ਸਿੱਖਾਂ ਦੀ ਅਗਵਾਈ ਕੀਤੀ।

ਇਸੇ ਤਰ੍ਹਾਂ ਦਿੱਲੀ ਦਰਵਾਜੇ ਉਤੇ ਦੋ ਸੌ ਤੋਂ ਵੱਧ ਸਿੰਘਣੀਆਂ ਜਿਨ੍ਹਾਂ ਨੇ ਮੀਰ ਮੰਨੂ ਦੇ ਅਨੇਕਾਂ ਤਸੀਹੇ ਸਹੇ, ਦਾ ਜ਼ਿਕਰ ਵੀ ਸਿੱਖ ਇਤਿਹਾਸ ਵਿੱਚ ਮਿਲਦਾ ਹੈ। ਅੱਧੀ-ਅੱਧੀ ਰੋਟੀ ਤੇ ਘੁੱਟ ਪਾਣੀ ਪੀ ਕੇ ਇਨ੍ਹਾਂ ਸਹਿਨਸ਼ੀਲ ਨਾਰੀਆਂ ਨੇ ਨਾ ਸਿਰਫ਼ ਚੱਕੀਆਂ ਪੀਸੀਆਂ ਸਗੋਂ ਆਪਣੇ ਭੁੱਖੇ ਬੱਚਿਆਂ ਦਾ ਦੁੱਖ ਵੀ ਜਰਿਆ, ਅੱਤਿਆਚਾਰ ਦੀ ਪ੍ਰਵਾਹ ਨਾ ਕਰਦਿਆਂ ਵੀ ਆਪਣੇ ਮਾਸੂਮ ਬੱਚਿਆਂ ਦੇ ਸਰੀਰਕ ਟੁਕੜਿਆਂ ਦੇ ਹਾਰ ਆਪਣੇ ਗਲਾਂ ਅਤੇ ਝੋਲੀਆਂ ਵਿੱਚ ਪੁਆ ਕੇ, ਪਰਮਾਤਮਾ ਦਾ ਭਾਣਾ ਮੰਨਦਿਆਂ ਸਬਰ ਦਾ ਘੁੱਟ ਭਰਿਆ। ਉਨ੍ਹਾਂ ਦੀ ਇਸ ਬੀਰਤਾ ਕਾਰਨ ਨਾ ਸਿਰਫ਼ ਲੋਕ ਸਗੋਂ ਦੁਸ਼ਮਣ ਵੀ ਉਨ੍ਹਾਂ ਦੀ ਪ੍ਰਸ਼ੰਸਾ ਕਰ ਰਹੇ ਹਨ।

ਸਮੁੱਚੇ ਰੂਪ ਵਿੱਚ ਸਿੱਖ ਧਰਮ ਨੇ ਨਾਰੀ ਦੀ ਨਿਘਰੀ ਹਾਲਤ ਨੂੰ ਉਭਾਰਦਿਆਂ, ਜਾਗਰੂਕ ਕਰਦਿਆਂ ਇਸ ਯੋਗ ਬਣਾਇਆ ਕਿ ਉਹ ਸਮਾਜ ਵਿੱਚ ਪੁਰਸ਼ ਦੀ ਬਰਾਬਰਤਾ ਕਰ ਸਕੇ। ਇਸਤਰੀ ਤਿਆਗੋ ਦੇ ਉਲਟ ਗ੍ਰਿਹਸਥੀ ਤੇ ਅਧਿਆਤਮਕ ਜੀਵਨ ਵਿੱਚ ਰੁਕਾਵਟ ਨਾ ਮੰਨ ਕੇ ਪੂਰਨ ਸਿੱਧ ਕੀਤਾ। ਉਨ੍ਹਾਂ ਦੁਆਰਾ ਕੀਤੇ ਗਏ ਸੁਧਾਰਾਂ ਯਤਨਾਂ ਸਦਕਾ ਹੀ ਬਾਅਦ ਵਿੱਚ ਹੋਰ ਸਮਾਜ ਸੁਧਾਰਕ ਪੈਦਾ ਹੋਏ ਜਿਨ੍ਹਾਂ ਸਦਕਾ ਹੀ ਨਾਰੀ ਰੱਖਿਆ, ਅਧਿਕਾਰਾਂ ਲਈ ਹੌਲੀ-ਹੌਲੀ ਕਾਨੂੰਨ ਬਣਨੇ ਸ਼ੁਰੂ ਹੋ ਗਏ। ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਦੀ ਨਾਰੀ ਦੀ ਦਸ਼ਾ ਅਨੁਸਾਰ ਮਾਤਾ ਸੁਲੱਖਣੀ, ਬੇਬੇ ਨਾਨਕੀ, ਬੀਬੀ ਭਾਨੀ, ਮਾਤਾ ਗੁਜਰੀ, ਮਾਤਾ ਸੁੰਦਰੀ ਜੀ ਤੇ ਹੋਰ ਅਨੇਕਾਂ ਹੀ ਹੋਰ ਸਿੰਘਣੀਆਂ ਦਾ ਨਾਰੀ ਸਰੂਪ ਬਦਲਣ ਤੇ ਉਸਾਰਨ ਵਿੱਚ ਵਿਸ਼ੇਸ਼ ਯੋਗਦਾਨ ਹੈ।

***

# ਸਿੱਖ ਧਰਮ ਵਿਸ਼ਵ ਵਿਆਪੀ ਧਰਮ ਕਿਵੇਂ ਬਣੇ

ਡਾ. ਮਹੀਪ ਸਿੰਘ ਦਿੱਲੀ

ਸੰਸਾਰ ਦੇ ਸਾਰੇ ਧਰਮਾਂ, ਸਾਰੀਆਂ ਭਾਸ਼ਾਵਾਂ ਅਤੇ ਸਾਰੇ ਕਿੱਤਿਆਂ ਵਿੱਚ ਵਿਸ਼ਵ ਚੇਤਨਾ ਉਭਰ ਰਹੀ ਹੈ। ਸਿੱਖ ਵੀ ਵਿਸ਼ਵ ਪੱਧਰ ਤੇ, ਵਿਸ਼ਵ ਦ੍ਰਿਸ਼ਟੀ ਅਤੇ ਵਿਸ਼ਵ ਪਹੁੰਚ ਨਾਲ ਆਪਣੇ ਅੰਦਰ ਝਾਤੀ ਮਾਰਨ, ਆਤਮ ਚਿੰਤਨ ਅਤੇ ਆਤਮ ਮੰਥਨ ਕਰਨ, ਇਸ ਗੱਲ ਦੀ ਬੜੀ ਲੋੜ ਹੈ। ਮੈਂ ਸੋਚਦਾ ਹਾਂ ਕਿ ਸਿੱਖ ਧਰਮ ਦਾ ਵਿਸ਼ਵ ਪੱਧਰੀ ਸਰੂਪ ਕੀ ਹੈ ? ਅਸੀਂ ਸਾਰੇ ਜਾਣਦੇ ਹਾਂ ਕਿ ਸਿੱਖ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਹੋਏ ਹਨ। ਪਰ ਇਹ ਸਿੱਖ ਕੌਣ ਹਨ ? ਕੀ ਇਹ ਉਥੋਂ ਦੇ ਸਥਾਨਕ ਲੋਕੀ ਹਨ ? ਕੀ ਥਾਈਲੈਂਡ ਦੇ ਸਿੱਖਾਂ ਵਿੱਚੋਂ ਮੂਲ ਥਾਈ ਵਾਸੀ ਵੀ ਹਨ ? ਕੀ ਜਰਮਨੀ ਦੇ ਸਿੱਖਾਂ ਵਿੱਚ ਮੂਲ ਜਰਮਨ ਨਿਵਾਸੀ ਵੀ ਹਨ ? ਕੀ ਕੀਨੀਆਂ ਜਾਂ ਯੁਗਾਂਡਾ ਵਿੱਚ ਅਫਰੀਕੀ ਸਿੱਖ ਵੀ ਹਨ ? ਅਜਿਹੀ ਗੱਲ ਤਾਂ ਨਹੀਂ। ਸਿਰਫ ਉੱਤਰੀ ਅਮਰੀਕਾ ਵਿੱਚ ਹੀ ਯੋਗੀ ਹਰਭਜਨ ਸਿੰਘ ਦੇ ਯਤਨਾਂ ਨਾਲ ਬਣੇ ਕੁਝ ਅਮਰੀਕੀ ਸਿੱਖ ਹਨ। ਨਹੀਂ ਤਾਂ ਸਾਰੀ ਦੁਨੀਆਂ ਵਿੱਚ ਵਸੇ ਸਿੱਖ ਮੂਲ ਰੂਪ ਵਿੱਚ ਪੰਜਾਬੀ ਹਨ, ਜਿਹੜੇ ਕੰਮ-ਰੋਜ਼ਗਾਰ ਦੀ ਭਾਲ ਵਿੱਚ ਦੁਨੀਆਂ ਦੇ ਬੜੇ ਸਾਰੇ ਹਿੱਸਿਆਂ ਵਿੱਚ ਜਾ ਵਸੇ ਹਨ। ਅੱਜ ਜਿਹੜੀ ਸਿੱਖੀ ਸਾਨੂੰ ਨਜ਼ਰ ਆਉਂਦੀ ਹੈ, ਉਹ ਮੂਲ ਰੂਪ ਵਿੱਚ 'ਪੰਜਾਬੀ' ਸਿੱਖੀ ਹੈ।

ਮੇਰੇ ਮਨ ਵਿੱਚ ਇਹ ਸਵਾਲ ਸਦਾ ਹੀ ਉਠਦਾ ਰਿਹਾ ਹੈ ਕਿ ਕੀ ਸਿੱਖੀ ਨੇ ਸਿਰਫ ਪੰਜਾਬੀ ਅਤੇ ਪੰਜਾਬੀਆਂ ਤੀਕ ਮਹਿਦੂਦ ਰਹਿਣਾ ਹੈ ਜਾਂ ਉਸ ਦਾ ਵਿਸਥਾਰ ਦੇਸ਼ ਵਿਆਪੀ ਅਤੇ ਵਿਸ਼ਵ ਵਿਆਪੀ ਹੋਣਾ ਹੈ। ਦੁਨੀਆਂ ਦੇ ਸਾਰੇ ਧਰਮ ਅਤੇ ਵਿਚਾਰਧਾਰਾਵਾਂ ਵੱਧ ਤੋਂ ਵੱਧ ਲੋਕਾਂ ਤੀਕ ਪੁੱਜ ਕੇ ਉਨ੍ਹਾਂ ਨੂੰ ਆਪਣੇ ਕਲਾਵੇ ਵਿੱਚ ਲੈਣਾ ਚਾਹੁੰਦੀਆਂ ਹਨ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਵਿੱਚ ਚਾਰ ਲੰਮੀਆਂ ਉਦਾਸੀਆਂ ਇਸ ਲਈ ਕੀਤੀਆਂ ਸਨ ਕਿ ਉਹ ਆਪਣੇ ਸੁਨੇਹੇ ਨੂੰ ਵੱਧ ਤੋਂ ਵੱਧ ਲੋਕਾਂ ਤੀਕ ਲੈ ਜਾਣ। ਉਹ ਜਿੱਥੇ ਗਏ, ਲੋਕੀ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਸਿੱਖ ਬਣੇ। ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਸਿੱਖ ਸੰਗਤਾਂ ਬਣ ਗਈਆਂ। ਦਸ ਗੁਰੂ ਸਾਹਿਬਾਨ ਦੇ ਲਗਭਗ 200 ਵਰ੍ਹੇ, ਕਾਰਜਕਾਲ ਵਿੱਚ ਕਾਬਲ-ਕੰਧਾਰ-ਗਜਨੀ ਤੋਂ ਲੈ ਕੇ ਪੂਰਬ ਵਿੱਚ ਢਾਕਾ, ਡਿਬਰੂਗੜ੍ਹ ਅਤੇ ਦੱਖਣ ਵਿੱਚ ਲੰਕਾ ਤੀਕ ਸਿੱਖ ਸੰਗਤਾਂ ਬਣ ਗਈਆਂ ਸਨ। ਪ੍ਰਸਿੱਧ ਇਤਿਹਾਸਕਾਰ ਸਰ ਜਾਦੂ ਨਾਥ ਸਰਕਾਰ ਨੇ ਇੱਕ ਥਾਂ ਤੇ ਲਿਖਿਆ ਹੈ ਕਿ ਸਤਾਰ੍ਹਵੀ-ਅਠਾਰਵੀਂ ਸਦੀ ਵਿੱਚ ਸਾਰੇ ਦੇਸ਼ ਵਿੱਚ ਫੈਲੀਆਂ ਸਿੱਖ ਸੰਗਤਾਂ ਆਪਸੀ ਪਿਆਰ, ਮੇਲ-ਮਿਲਾਪ ਅਤੇ ਭਾਈਚਾਰੇ ਲਈ ਮਸ਼ਹੂਰ ਸਨ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਬੁਰਹਾਨਪੁਰ, ਆਗਰਾ, ਪਟਨਾ, ਲਖਨਊ,

ਬਨਾਰਸ ਆਦਿ ਥਾਵਾਂ ਦੀਆਂ ਸਿੱਖ ਸੰਗਤਾਂ ਦਾ ਜ਼ਿਕਰ ਕੀਤਾ ਹੈ। ਸੁਭਾਵਿਕ ਹੈ ਕਿ ਉਨ੍ਹਾਂ ਸੰਗਤਾਂ ਨਾਲ ਜੁੜੇ ਸਿੱਖ ਪੰਜਾਬੀ ਵੀ ਹੋਣਗੇ ਤੇ ਗੈਰ ਪੰਜਾਬੀ ਵੀ। ਢਾਕੇ ਦੇ ਸਿੱਖ ਬੰਗਾਲੀ ਹੋਣਗੇ, ਅਸਾਮ ਦੇ ਅਸਾਮੀ ਬੋਲਣ ਵਾਲੇ, ਬਨਾਰਸ ਦੇ ਭੋਜਪੁਰੀ ਤੇ ਪਟਨਾ ਦੇ ਮਾਗਧੀ ਬੋਲਣ ਵਾਲੇ ਹੋਣਗੇ। ਗੁਰੂ ਤੇਗ ਬਹਾਦਰ ਜੀ ਅਸਾਮ ਵੱਲ ਜਾਂਦੇ ਹੋਏ ਆਪਣੇ ਪਰਿਵਾਰ ਨੂੰ ਪਟਨਾ ਦੇ ਜਿਨ੍ਹਾਂ ਸਿੱਖਾਂ ਦੀ ਸਪੁਰਦਗੀ ਵਿੱਚ ਛੱਡ ਗਏ ਸਨ, ਓਹ ਬਿਹਾਰੀ ਮੂਲ ਦੇ ਹੀ ਸਿੱਖ ਹੋਣਗੇ।

ਇਹ ਸੰਗਤਾਂ ਹੁਣ ਕਿਥੇ ਚਲੀਆਂ ਗਈਆਂ ? ਹੁਣ ਬਨਾਰਸ, ਪਟਨਾ, ਲਖਨਊ, ਆਗਰਾ, ਬੁਰਹਾਨਪੁਰ ਆਦਿ ਸਥਾਨਾਂ 'ਤੇ ਜਿਹੜੀਆਂ ਸੰਗਤਾਂ ਜਾ ਸਿੰਘ ਸਭਾਵਾਂ ਸਾਨੂੰ ਮਿਲਦੀਆਂ ਹਨ, ਉਹ ਮੁੱਖ ਰੂਪ ਵਿੱਚ ਪੰਜਾਬੀਆਂ ਦੀਆਂ ਹਨ, ਜਿਹੜੇ ਕੰਮ ਰੋਜ਼ਗਾਰ ਲਈ ਉਥੇ ਜਾ ਵੱਸੇ ਹਨ।

ਅੱਜ ਵੀ ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ ਤੇ ਅਸਾਮ ਵਿੱਚ ਅਜਿਹੇ ਸਿੱਖਾਂ ਦੇ ਅਨੇਕ ਪਿੰਡ ਹਨ, ਜਿਹੜੇ ਪੰਜਾਬੀ ਨਹੀਂ। ਪਟਨਾ ਵਿੱਚ ਇੱਕ 'ਸਨਾਤਨੀ ਸਿੱਖ ਸਭਾ' ਹੈ, ਜਿਹੜੀ ਪੂਰੀ ਤਰ੍ਹਾਂ ਬਿਹਾਰੀਆਂ ਦੀ ਹੈ। ਨਾਂਦੇੜ (ਹਜ਼ੂਰ ਸਾਹਿਬ), ਨਾਨਕ ਝੀਰਾ, ਬਿਦਰ ਹੈਦਰਾਬਾਦ ਵਿੱਚ ਬਹੁਤ ਸਾਰੇ ਸਿੱਖ ਪਰਿਵਾਰ ਹਨ, ਜਿਹੜੇ ਦੱਖਣੀ ਭਾਸ਼ਾਵਾਂ (ਦੱਖਣੀ ਹਿੰਦੀ) ਬੋਲਦੇ ਹਨ, ਪਰ ਪੂਰਨ ਗੁਰਸਿੱਖ ਹਨ। ਪਰ ਸੁਆਲ ਇਹ ਹੈ ਕਿ ਪੰਜਾਬ ਦੇ ਸਿੱਖਾਂ ਜਾਂ ਸਾਡੇ ਲੀਡਰਾਂ ਜਾਂ ਸਾਡੇ 'ਧਾਰਮਿਕ ਮੁਖੀਆਂ ਦੀ ਇਨ੍ਹਾਂ ਨਾਲ ਕਿੰਨੀ ਕੁ ਸਾਂਝੇਦਾਰੀ ਹੈ ? ਪੰਜਾਬ ਤੋਂ ਇਲਾਵਾ ਸਿੱਖੀ ਦਾ ਸਭ ਤੋਂ ਵੱਧ ਪ੍ਰਚਾਰ ਸਿੰਧ ਵਿੱਚ ਹੋਇਆ ਸੀ। ਅਣਗਿਣਤ ਸਿੰਧੀ ਘਰਾਂ ਵਿੱਚ ਗੁਰੂ ਨਾਨਕ ਤੇ ਗੁਰੂ ਗ੍ਰੰਥ ਸਾਹਿਬ ਹੀ ਸਦੀਆਂ ਤੀਕ ਸਭ ਤੋਂ ਵੱਡਾ ਇਸ਼ਟ ਰਹੇ ਹਨ। ਬਹੁਤੇ ਸਿੰਧੀ ਸਹਿਜਧਾਰੀ ਹਨ, ਪਰ ਕੇਸਾਧਾਰੀ ਸਿੰਧੀਆਂ ਦੀ ਗਿਣਤੀ ਦੀ ਘਾਟ ਨਹੀਂ। ਪਰ ਕੀ ਅਸੀਂ ਇਨ੍ਹਾਂ ਨੂੰ ਕਦੇ ਆਪਣੇ ਅੰਗ ਸਮਝਿਆ ਹੈ ਜਾਂ ਇਨ੍ਹਾਂ ਨੂੰ ਆਪਣੇ ਸਮਾਗਮਾਂ ਵਿੱਚ ਸ਼ਾਮਿਲ ਕਰਨ ਦਾ ਯਤਨ ਕੀਤਾ ਹੈ ? ਸਾਰੀਆਂ ਗੱਲਾਂ ਵਿੱਚ ਸਿੱਖ ਯਹੂਦੀਆਂ ਨਾਲ ਮਿਲਦੇ ਹਨ। ਸੰਸਾਰ ਵਿੱਚ ਦੋਵਾਂ ਦੀ ਅਬਾਦੀ ਤਕਰੀਬਨ ਬਰਾਬਰ ਹੈ। ਸਿੱਖਾਂ ਦੀ ਬਹੁਗਿਣਤੀ (ਭਾਰਤੀ) ਪੰਜਾਬ ਵਿੱਚ ਵੱਸੀ ਹੋਈ ਹੈ ਤੇ ਯਹੂਦੀਆਂ ਦੀ ਇਜਰਾਈਲ ਵਿੱਚ ਆਪਣੀ ਹੋਂਦ ਲਈ ਇਨ੍ਹਾਂ ਦੋਵਾਂ ਨੂੰ ਬੇਹਿਸਾਬ ਕੁਰਬਾਨੀਆਂ ਦੇਣੀਆਂ ਪਈਆਂ ਹਨ। ਦੋਵੇਂ ਬੇਅੰਤ ਜ਼ੁਲਮਾਂ ਦੇ ਸ਼ਿਕਾਰ ਹਨ ਅਤੇ ਦੋਵੇਂ ਆਪਣੀ ਹਿੰਮਤ, ਜੁਰਅਤ, ਉਦਮ ਤੇ ਲਗਨ ਲਈ ਜਾਣੇ ਜਾਂਦੇ ਹਨ (ਬੋਧਿਕ ਪੱਧਰ ਤੇ ਸਿੱਖ ਯਹੂਦੀਆਂ ਤੋਂ ਬੜਾ ਪਿੱਛੇ ਹਨ)। ਪਰ ਇੱਕ ਗੱਲ ਵਿੱਚ ਯਹੂਦੀਆਂ ਤੋਂ ਸਿੱਖ ਵੱਖਰੇ ਹਨ। ਯਹੂਦੀ ਧਰਮ ਵਿਸਥਾਰਵਾਦੀ ਨਹੀਂ ਜਦੋਂ ਕਿ ਸਿੱਖ ਧਰਮ ਈਸਾਈਆਂ, ਮੁਸਲਮਾਨਾਂ, ਬੋਧੀਆਂ ਵਾਂਗ ਵਿਸਥਾਰਵਾਦੀ ਹੈ। ਦੁਨੀਆਂ ਦੇ ਹਰ ਭਾਗ ਦਾ ਬੰਦਾ, ਉਸ ਦਾ ਰੰਗ ਰੂਪ, ਭਾਸ਼ਾ ਕੌਮੀਅਤ, ਨਸਲ, ਧਰਮ ਕੁਝ ਵੀ ਹੋਵੇ, ਸਿੱਖ ਧਰਮ ਨੂੰ ਅਪਨਾ ਸਕਦਾ ਹੈ। ਪਰ ਸਾਡੀ ਬਦਕਿਸਮਤੀ

ਇਹ ਹੈ ਕਿ ਸਾਡੇ ਧਾਰਮਿਕ, ਮੁਖੀ, ਲੀਡਰ ਅਤੇ ਬੁੱਧੀਜੀਵੀ ਇਸੇ ਆਤਮ-ਸੰਤੁਸ਼ਟੀ ਵਿੱਚ ਮਗਨ ਹਨ ਕਿ ਉੱਤਰੀ ਅਮਰੀਕਾ ਵਿੱਚ ਕੁਝ ਗੈਰ ਈਸਾਈਆਂ ਨੇ ਸਿੱਖੀ ਅਪਨਾ ਲਈ ਹੈ। ਸਿੱਖ ਸੰਮੇਲਨਾਂ, ਸੈਮੀਨਾਰਾਂ ਅਤੇ ਸਮਾਗਮਾਂ ਵਿੱਚ ਇਹ ਗੱਲਾਂ ਸੁਣਨ ਨੂੰ ਆਮ ਮਿਲਦੀਆਂ ਹਨ, "ਸਾਰੀ ਦੁਨੀਆਂ ਸਾਡੀ ਕਦਮ ਬੋਸੀ ਕਰਨ ਨੂੰ ਤਿਆਰ ਹੈ, 'ਸਾਰੀ ਦੁਨੀਆ ਗੁਰੂ ਨਾਨਕ ਪਾਤਸ਼ਾਹ ਦੇ ਦੱਸੇ ਰਾਹ 'ਤੇ ਤੁਰਨ ਨੂੰ ਬੇਤਾਬ ਹੈ,' ਛਿਆਨਵੇਂ ਕਰੋੜੀ ਖ਼ਾਲਸੇ ਦਾ ਸਾਡਾ ਰਵਾਇਤੀ ਸੁਪਨਾ ਸਾਕਾਰ ਹੋਣ ਦਾ ਵਕਤ ਆ ਗਿਆ ਹੈ।" ਸੰਗਤਾਂ ਨਾਲ ਭਰੇ ਦੀਵਾਨ ਵਿੱਚ ਬੜੇ ਜੈਕਾਰੇ ਗੂੰਜਾਏ ਜਾਂਦੇ ਹਨ। ਬੋਲਣ ਵਾਲਾ ਸਮਝਦਾ ਹੈ ਕਿ ਉਸ ਨੇ ਬੜੇ ਕਮਾਲ ਦੀ ਗੱਲ ਕਹੀ ਹੈ। ਜਿਸ ਦੇ ਲੈਕਚਰ ਵਿੱਚ ਜਿੰਨੇ ਵੱਧ ਜੈਕਾਰੇ ਬੁਲਾਏ ਜਾਂਦੇ ਹਨ, ਉਹ ਉਨ੍ਹਾਂ ਹੀ ਕਾਮਯਾਬ ਮੰਨਿਆ ਜਾਂਦਾ ਹੈ। ਪਰ ਅਸੀਂ ਸਾਰੇ ਜਾਣਦੇ ਹਾਂ ਕਿ ਜਜ਼ਬਾਤੀ ਤੇ ਭੜਕਾਊ ਭਾਸ਼ਨਾਂ ਨੂੰ ਸੋਚ ਵਿਚਾਰ ਅਤੇ ਤਰਕਸ਼ੀਲ ਭਾਸ਼ਨਾਂ ਤੋਂ ਕਿਤੇ ਵੱਧ ਜੈਕਾਰਿਆਂ ਦਾ ਸਤਿਕਾਰ ਮਿਲਦਾ ਹੈ।

ਅਸਲੀਅਤ ਇਹ ਹੈ ਕਿ ਪਿਛਲੇ ਪੰਜਾਹ ਵਰ੍ਹਿਆਂ ਵਿੱਚ ਸਿੱਖੀ ਦਾ ਵਿਸਥਾਰ ਸੁੰਗੜਿਆ ਹੈ, ਵਧਿਆ ਨਹੀਂ। ਜੇ ਅੰਕੜੇ ਇਕੱਤਰ ਕੀਤੇ ਜਾਣ ਤਾਂ ਪਤਾ ਲੱਗੇਗਾ ਕਿ ਇਨ੍ਹਾਂ ਵਰਿਆਂ ਵਿੱਚ ਬੜੇ ਥੋੜ੍ਹੇ ਲੋਕੀ ਸਿੱਖੀ ਦੇ ਕਲਾਵੇ ਵਿੱਚ ਆਏ ਹਨ, ਬੜੀ ਵੱਡੀ ਗਿਣਤੀ ਵਿੱਚ ਲੋਕੀ ਸਿੱਖੀ ਦੇ ਦਾਇਰੇ ਤੋਂ ਦੂਰ ਚਲੇ ਗਏ ਹਨ। ਸਹਿਜਧਾਰੀ ਸਿੱਖਾਂ ਦੀ ਸ਼੍ਰੇਣੀ ਹੌਲੀ-ਹੌਲੀ ਮੁਕਦੀ ਜਾ ਰਹੀ ਹੈ। ਸਾਰੇ ਹਿੰਦੋਸਤਾਨ ਵਿੱਚ ਫੈਲੇ ਹੋਏ ਲੱਖਾਂ 'ਨਾਨਕ ਪੰਥੀ' 'ਉਦਾਸੀ' ਵਣਜਾਰੇ ਸਿੱਖੀ ਦੇ ਪ੍ਰਭਾਵ ਤੋਂ ਦੂਰ ਚਲੇ ਗਏ ਹਨ। ਹੁਣ ਸਿੱਖ ਸਿਰਫ ਉਹ ਹੈ, ਜਿਹੜਾ ਸਿੱਖ ਘਰ ਵਿੱਚ ਜਨਮ ਲੈਂਦਾ ਹੈ। 1991 ਦੀ ਮਰਦੁਮ ਸ਼ੁਮਾਰੀ ਦੇ ਹਿਸਾਬ ਨਾਲ 1981-1991 ਵਿੱਚ ਬੋਧੀਆਂ ਦੀ ਗਿਣਤੀ ਵਿੱਚ ਵਾਧਾ ਸਭ ਤੋਂ ਵੱਧ 36 ਫੀਸਦੀ ਹੋਇਆ ਹੈ। ਕਾਰਨ ਇਹ ਹੈ ਕਿ ਇਨ੍ਹਾਂ ਵਰ੍ਹਿਆਂ ਵਿੱਚ ਹਿੰਦੂ ਧਰਮ ਛੱਡ ਕੇ ਬੁੱਧ ਧਰਮ ਅਪਨਾਉਣ ਵਾਲੇ ਦਲਿਤ ਵਰਗ ਦੇ ਲੋਕਾਂ ਨੇ ਬੋਧੀਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਕਰ ਦਿੱਤਾ ਹੈ। ਆਉਣ ਵਾਲੇ ਵਰ੍ਹਿਆਂ ਵਿੱਚ ਇਹ ਰਫਤਾਰ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਇਸ ਵੇਲੇ ਇਸ ਦੇਸ਼ ਵਿੱਚ 15 ਕਰੋੜ ਤੋਂ ਵੱਧ ਅਨੁਸੂਚਿਤ ਜਾਤੀਆਂ ਦੇ ਲੋਕੀ ਹਨ। ਜੇ ਇਹੋ ਰੁਝਾਨ ਬਣਿਆ ਰਿਹਾ ਤਾਂ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਲੋਕੀ ਬੁੱਧ ਧਰਮ ਵੱਲ ਝੁਕਣਗੇ। ਪਰ ਸਾਡੀ ਧਾਰਮਿਕ ਅਤੇ ਸਿਆਸੀ ਲੀਡਰਸ਼ਿਪ ਇਨ੍ਹਾਂ ਸੁਆਲਾਂ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਜੇਕਰ ਸਿੱਖ ਧਰਮ ਨੂੰ ਵਿਸ਼ਵ ਵਿਆਪੀ ਧਰਮ ਬਣਾਉਣਾ ਹੈ ਤਾਂ ਇਨ੍ਹਾਂ ਦੇ ਪੈਰੋਕਾਰਾਂ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਜਾ ਕੇ ਅਣਥੱਕ ਯਤਨ ਕਰਨੇ ਪੈਣਗੇ।

***

# ਧਾਰਮਿਕ ਵਿੱਦਿਆ ਦੀ ਮਹੱਤਤਾ

ਪ੍ਰੋ: ਸੁਖਦੇਵ ਸਿੰਘ

ਸਿੱਖਿਆ ਸੱਭਿਅਕ ਮਨੁੱਖ ਦੀ ਪਹਿਲੀ ਲੋੜ ਹੈ। ਸਿੱਖਣ ਦੀ ਇਹ ਪ੍ਰਕ੍ਰਿਆ ਜਨਮ ਤੋਂ ਹੀ ਆਰੰਭ ਹੋ ਕੇ ਮੌਤ ਦੇ ਅੰਤਿਮ ਪਲਾਂ ਤੱਕ ਜਾਰੀ ਰਹਿੰਦੀ ਹੈ। ਸਿੱਖਿਆ ਸ਼ਬਦ ਦੇ ਅਰਥ ਬਹੁਤ ਹੀ ਵਿਆਪਕ ਹਨ। ਵਿੱਦਿਆ ਨੂੰ ਮਨੁੱਖ ਦਾ ਤੀਸਰਾ ਨੇਤਰ ਵੀ ਕਿਹਾ ਗਿਆ ਹੈ।

ਅਜੋਕੀ ਵਿਦਿਅਕ ਪ੍ਰਣਾਲੀ ਸਿਰਫ ਭੌਤਿਕਤਾ ਅਤੇ ਬੌਧਿਕਤਾ ਉੱਪਰ ਹੀ ਵਧੇਰੇ ਜ਼ੋਰ ਦਿੰਦੀ ਹੈ: ਇਸ ਵਿੱਚੋਂ ਅਧਿਆਤਮਿਕਤਾ ਲੱਗਭੱਗ ਖਤਮ ਹੋ ਚੁੱਕੀ ਹੈ। ਅੱਜ ਸਮੁੱਚੇ ਸਮਾਜ ਨੂੰ ਵਧੇਰੇ ਖਤਰਾ ਨੈਤਿਕ ਪਤਨ ਤੋਂ ਹੈ। ਇਸ ਅਮਲ ਨੇ ਮਨੁੱਖ ਨੂੰ ਨਫ਼ਰਤ, ਈਰਖਾ, ਖ਼ੁਦਗਰਜ਼ੀ, ਤੰਗਦਿਲੀ ਅਤੇ ਨਿਰਾਸ਼ਾ ਦੇ ਚਿੱਕੜ ਵਿੱਚ ਫਸਾਇਆ ਹੋਇਆ ਹੈ। ਬੇਸ਼ੱਕ ਅੱਜ ਦੇ ਵਿਗਿਆਨਕ ਯੁੱਗ ਵਿੱਚ ਮਨੁੱਖ ਹਰੇਕ ਖੇਤਰ ਸਬੰਧੀ ਵਿਸ਼ਾਲ ਗਿਆਨ ਰੱਖਦਾ ਹੈ ਪ੍ਰੰਤੂ ਧਰਮ ਦੀ ਰੂਹ ਤੋਂ ਸੱਖਣਾ ਹੋਣ ਕਰਕੇ ਆਪੋ-ਧਾਪੀ ਅਤੇ ਅਸ਼ਾਂਤੀ ਦੇ ਸਮੁੰਦਰ ਵਿੱਚ ਗੋਤੇ ਖਾ ਰਿਹਾ ਹੈ। ਧਰਮ ਤੋਂ ਭਾਵ ਤੰਗ ਦ੍ਰਿਸ਼ਟੀ ਰਾਹੀਂ ਗਲਤ ਧਾਰਮਿਕ ਜਜ਼ਬੇ ਪੈਦਾ ਕਰਨਾ ਨਹੀਂ, ਸਗੋਂ ਅਜਿਹੀ ਭਾਵਨਾ ਨੂੰ ਉਜਾਗਰ ਕਰਨਾ ਹੈ ਜੋ 'ਸਰਬੱਤ ਦੇ ਭਲੇ' ਵਾਲੇ ਰੂਹਾਨੀ ਸੰਦੇਸ਼ ਨੂੰ ਪ੍ਰਫੁੱਲਿਤ ਕਰੇ।

ਅਜੋਕੀ ਵਿਦਿਅਕ ਪ੍ਰਣਾਲੀ ਨੂੰ ਸਾਰਥਕ ਬਣਾਉਣ ਲਈ ਇਸ ਵਿੱਚ ਅਧਿਆਤਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਪੂਰੀ ਤਰ੍ਹਾਂ ਸ਼ਾਮਲ ਕਰਨ ਦੀ ਬਹੁਤ ਵੱਡੀ ਲੋੜ ਹੈ। ਇਸ ਦੇ ਨਾਲ ਹੀ ਮਨੁੱਖੀ ਸ਼ਖ਼ਸੀਅਤ ਬਣਦੀ ਹੈ। ਮਹਾਨ ਗੁਰੂਆਂ ਦੀਆਂ ਸਾਖੀਆਂ ਅਤੇ ਗੁਰਬਾਣੀ ਦੇ ਭਾਵ ਬੱਚਿਆਂ ਨੂੰ ਸਿਖਾਏ ਜਾਣ ਤਾਂ ਜੋ ਉਹ ਉਜਲੇ ਭਵਿੱਖ ਵਾਲੇ ਬਣ ਸਕਣ ਕਿਉਂਕਿ ਵਿੱਦਿਆ ਦਾ ਮਨੋਰਥ ਸਿਰਫ ਦਿਮਾਗੀ ਉੱਨਤੀ ਹੀ ਨਹੀਂ ਸਗੋਂ ਆਤਮਿਕ ਉਸਾਰੀ ਵੀ ਹੈ। ਪਰ ਅਫਸੋਸ ਤਾਂ ਇਸ ਗੱਲ ਦਾ ਹੈ ਕਿ ਅੱਜ ਸਾਰਾ ਵਿਦਿਅਕ ਢਾਂਚਾ ਜ਼ਿੰਦਗੀ ਨਾਲ ਮਖੌਲ ਬਣ ਚੁੱਕਾ ਹੈ। ਬਦੀ ਦੇ ਖਿਲਾਫ ਮਨਾਹੀ ਦੀਆਂ ਲੰਮੀਆਂ ਲਿਸਟਾਂ ਨੇਕੀ ਨਹੀਂ ਸਿਖਾ ਸਕਦੀਆਂ। ਨੇਕੀ ਕੇਵਲ ਚੰਗੇ ਮਨੋਰਥਾਂ ਵਿੱਚੋਂ ਹੀ ਉਤਪੰਨ ਹੁੰਦੀ ਹੈ। ਸਾਡੀਆਂ ਵਿਦਿਅਕ ਸੰਸਥਾਵਾਂ ਵਿੱਚ ਬੱਚਿਆਂ ਦੀ ਅਜਿਹੀ ਬੁਨਿਆਦ ਰੱਖੀ ਜਾਵੇ ਜਿਸ ਉਪਰ ਭਵਿੱਖ ਵਿੱਚ ਕੌਮੀ ਮਹਿਲ ਉਸਾਰੇ ਜਾ ਸਕਣ। ਬਚਪਨ ਵਿੱਚ ਹੀ ਵਸ਼ਿਸ਼ਟ ਮਨ ਢੂੰਡੇ ਜਾ ਸਕਦੇ ਹਨ। ਵਡੇਰੀ ਉਮਰ ਵਿੱਚ ਇਹਨਾਂ ਉਪਰ ਕਈ ਪਰਦੇ ਚੜ੍ਹ ਜਾਂਦੇ ਹਨ ਜੋ ਅਸੰਤੁਸ਼ਟਤਾ ਅਤੇ ਭਟਕਣਾ ਦੇ ਕਾਰਨ ਸਿੱਧ ਹੁੰਦੇ ਹਨ।

ਡਾ: ਰਾਧਾ ਕ੍ਰਿਸ਼ਨਨ ਅਨੁਸਾਰ ਭਾਰਤ ਸਮੇਤ ਸਾਰੇ ਸੰਸਾਰ ਦੀਆਂ ਮੁਸ਼ਕਲਾਂ ਇਸ ਕਰਕੇ ਹਨ ਕਿ ਸਿੱਖਿਆ ਨੈਤਿਕ ਅਤੇ ਅਧਿਆਤਮਿਕ ਪ੍ਰਾਪਤੀ ਦੀ ਥਾਂ ਸਿਰਫ ਦਿਮਾਗੀ ਅਭਿਆਸ ਬਣ ਕੇ ਹੀ ਰਹਿ ਗਈ ਹੈ। ਇਸ ਲਈ ਉਹ ਵਿੱਦਿਆ ਅਧੂਰੀ ਹੈ ਜੋ ਧਰਮ ਦੇ ਅਰਥਾਂ ਨੂੰ ਨਹੀਂ

ਸਮਝਦੀ। ਅੱਜ ਦੀ ਧਰਮਹੀਣ ਸਾਇੰਸ ਇਸ ਹੱਦ ਤੱਕ ਪੁੱਜ ਗਈ ਹੈ ਕਿ ਸਿਰਫ ਇੱਕ ਬਟਨ ਦੱਬਿਆ ਇਹ ਦਿਸ ਰਿਹਾ ਸੁਹਣਾ ਸੰਸਾਰ ਸਕਿੰਟਾਂ ਵਿੱਚ ਤਬਾਹ ਹੋ ਜਾਵੇਗਾ। ਸ਼ਕਤੀ ਅਤੇ ਗਿਆਨ ਨੂੰ ਸਵੈ-ਮਨੋਰਥ ਲਈ ਵਰਤਿਆ ਜਾ ਰਿਹਾ ਹੈ। ਇਸ ਸੰਸਾਰ ਨੂੰ ਨਾਸ ਕਰਨ ਵਾਲੀ ਪ੍ਰਮਾਣੂ ਸ਼ਕਤੀ ਨੂੰ ਵੀ ਮਨੁੱਖਤਾ ਦੇ ਵਿਕਾਸ ਨਾਲ ਜੋੜਿਆ ਜਾ ਰਿਹਾ ਹੈ।

ਅੱਜ ਦਾ ਵਿਦਿਆਰਥੀ ਪਦਾਰਥਵਾਦੀ ਸੱਭਿਆਚਾਰ ਦਾ ਗੁਲਾਮ ਹੋ ਕੇ ਆਪਣੇ ਮਹਾਨ ਵਿਰਸੇ ਨੂੰ ਅਣਡਿੱਠ ਕਰਨ ਦੇ ਰਾਹ ਤੁਰ ਪਿਆ ਹੈ। ਉਹ ਨੈਤਿਕ ਅਤੇ ਅਧਿਆਤਮਿਕ ਜੀਵਨ ਤੋਂ ਸੱਖਣਾ ਹੋ ਕੇ ਆਪਣੇ ਧਰਮ ਤੋਂ ਬੇਮੁਖ ਹੋ ਰਿਹਾ ਹੈ। ਭਾਰਤ ਦੇ ਪ੍ਰਾਚੀਨ ਇਤਿਹਾਸ ਵੱਲ ਨਿਗਾਹ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਸ ਸਮੇਂ ਭਾਰਤੀ ਸੰਸਕ੍ਰਿਤੀ ਅਤੇ ਸੱਭਿਆਚਾਰ ਬਹੁਤ ਅਮੀਰ ਸੀ, ਜਿਸ ਨੂੰ ਦੇਖਣ ਅਤੇ ਮਾਨਣ ਵਾਸਤੇ ਦੂਸਰੇ ਮੁਲਕਾਂ ਤੋਂ ਲੋਕ ਭਾਰਤ ਆਉਂਦੇ ਸਨ। ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਲਿਖਦਾ ਹੈ ਕਿ ਪੰਜਵੀਂ ਸ਼ਤਾਬਦੀ ਤੋਂ ਲੈ ਕੇ ਦਸਵੀਂ ਸ਼ਤਾਬਦੀ ਤੱਕ ਨਾਲੰਦਾ ਵਿਸ਼ਵ ਵਿਦਿਆਲਾ ਭਾਰਤ ਵਿੱਚ ਵਿੱਦਿਆ ਦਾ ਪ੍ਰਮੁੱਖ ਕੇਂਦਰ ਸੀ। ਇਸ ਵਿੱਚ ਕੋਰੀਆ, ਚੀਨ, ਤਿੱਬਤ ਅਤੇ ਮੱਧ ਏਸ਼ੀਆ ਤੋਂ ਕਈ ਦੇਸ਼ਾਂ ਦੇ ਲੋਕ, ਵਿੱਦਿਆ ਪ੍ਰਾਪਤ ਕਰਨ ਆਉਂਦੇ ਸਨ। ਇਹਨਾਂ ਵਿਦਿਅਕ ਅਦਾਰਿਆਂ ਦੀ ਖੂਬੀ ਇਹ ਸੀ ਕਿ ਇਹ ਆਤਮਿਕ ਤ੍ਰਿਪਤੀ ਦੇ ਕੇਂਦਰ ਵੀ ਸਨ। ਇਹੋ ਹੀ ਭਾਰਤ ਦੀ ਪ੍ਰਸਿੱਧੀ ਦਾ ਮੁੱਖ ਕਾਰਣ ਸੀ। ਮੱਧ-ਕਾਲ ਵਿੱਚ ਕਾਸ਼ੀ ਦਾ ਸਥਾਨ, ਹਿੰਦੁਸਤਾਨ ਵਿੱਚ ਵਿੱਦਿਆ ਦਾ ਕੇਂਦਰ ਰਿਹਾ ਹੈ ਜਿਸ ਵਿੱਚ ਵੇਦਾਂਤ, ਹਿੰਦੂ ਮਿਥਿਹਾਸ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਦੂਸਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਵਾਸਤੇ ਆਪਣੇ ਸਿੱਖਾਂ ਨੂੰ ਕਾਸ਼ੀ ਵਿਖੇ ਭੇਜਿਆ। ਮੱਧ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਤੱਕ ਜ਼ਿਆਦਾਤਰ ਵਿੱਦਿਆ ਧਰਮਸ਼ਾਲਾਵਾਂ, ਮੰਦਰਾਂ ਅਤੇ ਮਦਰੱਸਿਆਂ ਵਿੱਚ ਹੀ ਪੜ੍ਹਾਈ ਜਾਂਦੀ ਸੀ, ਜਿਸ ਵਿੱਚ ਸੰਸਾਰਿਕ ਵਿੱਦਿਆ ਤੋਂ ਇਲਾਵਾ ਧਾਰਮਿਕ ਵਿੱਦਿਆ ਵੀ ਦਿੱਤੀ ਜਾਂਦੀ ਸੀ। ਇਥੇ ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੈ ਕਿ ਉਸ ਵੇਲੇ ਸਾਰੀ ਵਿੱਦਿਆ ਧਰਮ 'ਤੇ ਹੀ ਅਧਾਰਿਤ ਸੀ। ਸ਼ਾਇਦ ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਹੀ ਹਿੰਦੂ ਯੂਨੀਵਰਸਿਟੀ, ਬਨਾਰਸ ਅਤੇ ਮੁਸਲਿਮ ਯੂਨੀਵਸਿਟੀ, ਅਲੀਗੜ੍ਹ ਜਿਹੀਆਂ ਸੰਸਥਾਵਾਂ ਦੀ ਸਥਾਪਨਾ ਹੋਈ। ਅੱਜ ਜਿਨ੍ਹਾਂ ਸ਼ਖ਼ਸ਼ੀਅਤਾਂ ਦੇ ਜੀਵਨ ਸਾਡੇ ਬੱਚਿਆਂ ਦੇ ਸਾਹਮਣੇ ਪ੍ਰੇਰਨਾ-ਸ੍ਰੋਤ ਹਨ, ਉਹ ਸ਼ਖ਼ਸੀਅਤਾਂ ਅਧਿਆਤਮਿਕਤਾ ਵਿੱਚੋਂ ਟੁੱਭੀ ਲਾ ਕੇ ਹੀ ਜਗਤ ਪ੍ਰਸਿੱਧ ਹੋਈਆਂ। ਉਹਨਾਂ ਦੀ ਆਤਮਾ ਧਰਮ ਨਾਲ ਓਤ ਪੋਤ ਸੀ ਜਿਵੇਂ ਗੁਰੂ ਨਾਨਕ ਸਾਹਿਬ, ਮਹਾਤਮਾ ਬੁੱਧ, ਸਵਾਮੀ ਵਿਵੇਕਾਨੰਦ, ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ ਆਦਿ। ਇਹਨਾਂ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਸਾਡੀ ਅਜੋਕੀ ਵਿੱਦਿਆ ਪ੍ਰਣਾਲੀ ਦੇ ਪਾਠ-ਕ੍ਰਮ ਵਿੱਚ ਸ਼ਾਮਿਲ ਹਨ ਤਾਂ ਕਿ ਇਹਨਾਂ ਤੋਂ ਬੱਚੇ ਸੇਧ ਲੈ ਕੇ ਆਪਣਾ ਜੀਵਨ ਵੀ ਉੱਚਾ-ਸੁੱਚਾ ਬਣਾ ਸਕਣ।

ਆਜ਼ਾਦੀ ਤੋਂ ਬਾਅਦ ਨਵੀਂ ਵਿਦਿਅਕ ਨੀਤੀ ਵਿੱਚ ਬਹੁਤ ਨਿਘਾਰ ਆਇਆ ਹੈ।

ਇਸ ਵਿੱਚੋਂ ਧਰਮ ਦੀ ਭਾਵਨਾ ਅਲੋਪ ਹੋ ਚੁੱਕੀ ਹੈ। ਆਜ਼ਾਦੀ ਤੋਂ ਬਾਅਦ ਵਿੱਦਿਆ ਦਾ ਪਾਸਾਰ ਤਾਂ ਬਹੁਤ ਹੋਇਆ ਹੈ ਅਤੇ ਗੁਰੂਆਂ, ਮਹਾਂਪੁਰਸ਼ਾਂ ਦੇ ਨਾਮ ਉਤੇ ਵਿਦਿਅਕ ਅਦਾਰੇ ਵੀ ਕਾਇਮ ਹੋ ਰਹੇ ਹਨ ਪਰ ਇਹ ਧਰਮ ਦੀ ਰੂਹ ਤੋਂ ਸੱਖਣੇ ਹੋਣ ਕਰਕੇ ਸਿਰਫ ਭੌਤਿਕ ਗਿਆਨ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਸ਼ਾਇਦ ਮਨੁੱਖ ਨੇ ਵਿੱਦਿਆ ਨੂੰ ਵੀ ਵਣਜ ਦੀ ਹੀ.ਤੱਕੜੀ ਵਿੱਚ ਤੋਲਣਾ ਸ਼ੁਰੂ ਕਰ ਦਿੱਤਾ ਹੈ। ਇਹਨਾਂ ਵਿਦਿਅਕ ਮੰਦਰਾਂ ਵਿੱਚ ਮਨੁੱਖ ਦੀ ਸੰਪੂਰਣ ਸ਼ਖ਼ਸੀਅਤ ਘੜੀ ਜਾਂਦੀ ਸੀ ਕਿਉਂਕਿ ਧਾਰਮਿਕ ਜਾਂ ਨੈਤਿਕ ਸਿੱਖਿਆ ਤੋਂ ਬਗੈਰ ਮਨੁੱਖ ਦੀ ਸ਼ਖ਼ਸੀਅਤ ਸੰਪੂਰਣ ਨਹੀਂ ਹੁੰਦੀ। ਇਸ ਕਰਕੇ ਵਿੱਦਿਆ ਦਾ ਸੰਕਲਪ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਮੌਜੂਦਾ ਵਿਦਿਅਕ ਢਾਂਚੇ ਵਿੱਚ ਧਾਰਮਿਕ ਵਿੱਦਿਆ ਨੂੰ ਥਾਂ ਦਿੱਤੀ ਜਾਵੇ।

ਅੱਜ ਦੇ ਬੱਚੇ ਆਤਮਿਕ ਨਿਰਾਸ਼ਤਾ ਵਿੱਚੋਂ ਪੁੰਗਰਦੇ ਹਨ। ਆਚਰਣ ਪੱਖੋਂ ਆ ਰਹੀ ਗਿਰਾਵਟ ਦਾ ਮੁੱਖ ਕਾਰਣ ਧਾਰਮਿਕ ਕਦਰਾਂ-ਕੀਮਤਾਂ ਵੱਲੋਂ ਅਣਗਹਿਲੀ ਹੀ ਤਾਂ ਹੈ। ਉਚੇ ਸਦਾਚਾਰਕ ਨਿਯਮਾਂ ਤੋਂ ਬਗੈਰ ਨਿਯਮਬੱਧ ਅਤੇ ਸੰਜਮੀ ਜੀਵਨ ਸੰਭਵ ਨਹੀਂ ਹੋ ਸਕਦਾ। ਧਰਮ ਅਤੇ ਸਦਾਚਾਰ ਉਸ ਦੀ ਸ਼ਖ਼ਸੀਅਤ ਅਤੇ ਅੰਤਰ-ਆਤਮਾ ਦੇ ਵਿਕਾਸ ਵਿੱਚ ਸਹਾਈ ਹੁੰਦੇ ਹਨ। ਅੰਤਰੀਵੀ ਸੁਖ, ਅੰਦਰਲੀ ਤ੍ਰਿਪਤੀ ਅਤੇ ਸੰਤੁਸ਼ਟੀ ਦੇ ਅਨੁਭਵ ਵਿੱਚੋਂ ਉਪਜਦਾ ਹੈ।

ਪਰ ਅਜੋਕੀ ਵਿੱਦਿਆ ਰਾਹੀਂ ਮਨੁੱਖ ਜਿਥੇ ਸਾਰਿਆਂ ਨਾਲੋਂ ਅੱਗੇ ਲੰਘਣ ਦੀ ਤਾਂਘ ਮਨ ਵਿੱਚ ਸਮਾਈ ਬੈਠਾ ਹੈ, ਉਥੇ ਧਾਰਮਿਕ ਕਦਰਾਂ-ਕੀਮਤਾਂ ਨੂੰ ਪਿਛਾਂਹ ਛੱਡਦਾ ਜਾ ਰਿਹਾ ਹੈ। ਮਨੁੱਖੀ ਰਿਸ਼ਤਿਆਂ ਦੀ ਪਛਾਣ ਧੁੰਦਲੀ ਪੈ ਚੁੱਕੀ ਹੈ। ਧਾਰਮਿਕ ਵਿੱਦਿਆ ਤੋਂ ਹੀਣਾ ਸਾਡਾ ਵਿੱਦਿਅਕ ਢਾਂਚਾ ਮਨੁੱਖ ਵਿੱਚ ਮੁਕਾਬਲੇ ਦੀ ਭਾਵਨਾ ਰਾਹੀਂ ਖੁਦਗਰਜ਼ੀ, ਈਰਖਾ ਅਤੇ ਹੋਰ ਕਈ ਸਮਾਜਿਕ ਬੁਰਾਈਆਂ ਨੂੰ ਜਨਮ ਦੇ ਰਿਹਾ ਹੈ। ਸਾਇੰਸ ਦੀ ਅਥਾਹ ਤਰੱਕੀ ਰਾਹੀਂ ਮਨੁੱਖ ਅਕਾਸ਼ ਵਿੱਚ ਉਡੱਣ ਦੀ ਲਾਲਸਾ ਰੱਖਦਾ ਹੈ। ਪਰ ਇਸ ਦੇ ਨਾਲ ਹੀ ਉਸ ਨੂੰ ਧਰਤੀ 'ਤੇ ਰਹਿਣ ਦੀ ਜੀਵਨ-ਜਾਚ ਵੀ ਸਿੱਖਣੀ ਚਾਹੀਦੀ ਹੈ। ਧਰਮ ਮਨੁੱਖੀ ਸ਼ਕਤੀਆਂ ਨੂੰ ਸੀਮਤ ਨਹੀਂ ਕਰਦਾ ਸਗੋਂ ਧਰਮ ਰਾਹੀਂ ਹੀ ਤਾਂ ਮਨੁੱਖ ਆਪਣੇ ਅੰਦਰ ਛੁਪੀਆਂ ਪਈਆਂ ਅਥਾਹ ਅਦਿੱਖ ਸ਼ਕਤੀਆਂ ਨੂੰ ਅਨੁਭਵ ਕਰਦਾ ਹੈ ਜਿਸ ਦੇ ਪ੍ਰਗਟਾਅ ਰਾਹੀਂ ਮਨੁੱਖ, ਸਮਾਜ ਤੇ ਦੇਸ਼ ਦੇ ਵਿਕਾਸ ਵਿੱਚ ਆਪਣੀ ਉਸਾਰੂ ਭੂਮਿਕਾ ਨਿਭਾ ਸਕਦਾ ਹੈ ਅਤੇ ਮਨੁੱਖਤਾ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦਾ ਟਾਕਰਾ ਕਰ ਸਕਦਾ ਹੈ।

ਸੋ ਅਜੋਕੀ ਵਿਦਿਅਕ ਪ੍ਰਣਾਲੀ ਵਿੱਚ ਧਾਰਮਿਕ ਵਿੱਦਿਆ ਨੂੰ ਸ਼ਾਮਿਲ ਕਰਨ ਦੀ ਬਹੁਤ ਭਾਰੀ ਲੋੜ ਹੈ। ਉਸ ਸੂਰਤ ਵਿੱਚ ਹੀ ਵਿੱਦਿਆ ਮਨੁੱਖ ਨੂੰ ਇੱਕ ਨਵਾਂ ਜੀਵਨ ਦੇਣ ਦੇ ਸਮਰੱਥ ਹੋ ਸਕੇਗੀ ਅਤੇ ਪੱਛਮੀ ਸੱਭਿਆਚਾਰ ਦੀ ਹਨ੍ਹੇਰੀ ਨੂੰ ਠੱਲ੍ਹਣ ਦੇ ਸਮਰੱਥ ਹੋ ਸਕਾਂਗੇ। ਸੰਸਾਰ ਦੀ ਭਲਾਈ ਅਧਿਆਤਮਿਕ ਸਿੱਖਿਆ 'ਤੇ ਹੀ ਨਿਰਭਰ ਕਰਦੀ ਹੈ । ਅਜਿਹੀ ਵਿੱਦਿਆ ਵਿਅਕਤੀ ਨੂੰ ਚਰਿੱਤਰਵਾਨ ਅਤੇ ਦਿਆਨਤਦਾਰ ਬਣਾ ਕੇ ਉੱਚੀ ਪੱਧਰ 'ਤੇ ਲੈ ਜਾਵੇਗੀ।

***

# ਹੋਲਾ ਮਹੱਲਾ

ਪ੍ਰੀਤਮ ਸਿੰਘ 'ਪ੍ਰੀਤਮ'

ਖੰਡੇ ਦਾ ਅੰਮ੍ਰਿਤ ਛੱਕਣ ਅਤੇ ਸਿੰਘ ਸਜਣ ਨਾਲ ਨਿੱਕੀਆਂ ਵੱਡੀਆਂ ਸਭ ਜਾਤਾਂ ਦੇ ਸਿੱਖਾਂ ਦੀ ਕਾਇਆ ਪਲਟ ਗਈ। ਉਹਨਾਂ ਦੇ ਤਨਾਂ ਤੇ ਮਨਾਂ ਦੋਹਾਂ ਵਿੱਚ ਹੀ ਇਨਕਲਾਬੀ ਜਿਹਾ ਪਲਟਾ ਆ ਗਿਆ ਅਤੇ ਉਹਨਾਂ ਵਿੱਚ ਕੋਈ ਗੈਬੀ ਤਾਕਤ ਆ ਧਸੀ। ਨੀਵੀਆਂ ਤੋਂ ਨੀਵੀਆਂ ਜਾਤੀਆਂ ਦੇ ਲੋਕ, ਜਿਨ੍ਹਾਂ ਨੂੰ ਕਿਸੇ ਗਿਣਤੀ ਵਿੱਚ ਨਹੀਂ ਸੀ ਮੰਨਿਆ, ਮਿਥਿਆ ਜਾਂਦਾ ਅਤੇ ਜਿਹੜੇ ਆਪਣੇ ਆਪ ਨੂੰ ਹੀਣਾ ਤੇ ਨਿਰਬਲ ਸਮਝ ਕੇ ਉੱਚੀਆਂ ਜਾਤੀਆਂ ਵਾਲਿਆਂ ਦੇ ਬਰਾਬਰ ਹੋ ਕੇ ਤੁਰਨ ਜਾਂ ਸਾਹਮਣੇ ਹੋ ਕੇ ਧੌਣ ਸਿੱਧੀ ਕਰਕੇ ਖੜ੍ਹੇ ਹੋਣ ਦੇ ਯੋਗ ਨਹੀਂ ਸਨ ਸਮਝਦੇ, ਉਹ ਅੰਮ੍ਰਿਤ ਛਕ ਕੇ ਉਚੇ ਤੇ ਬਲਵਾਨ ਬਣ ਗਏ। ਨਿਰਭੈ ਤੇ ਦਲੇਰ ਹੋ ਕੇ ਹਿੱਕਾਂ ਕੱਢ ਕੇ ਧੌਣਾਂ ਚੁੱਕ ਕੇ ਤੁਰਨ ਜੋਗੇ ਹੋ ਗਏ। ਨਾਈ, ਛੀਬੇਂ, ਲੁਹਾਰ, ਤਰਖਾਣ, ਨੀਵੇਂ ਅਤੇ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕ, ਜਿਨ੍ਹਾਂ ਨੂੰ ਵੱਡੀਆਂ ਜਾਤੀਆਂ ਵਾਲੇ ਕਮੀਣੇਂ ਕਾਂਦੂ ਕਿਹਾ ਕਰਦੇ ਸਨ ਅਤੇ ਕਿਸੇ ਕੰਮ ਦੇ ਨਹੀਂ ਸਨ ਗਿਣਦੇ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਅਜਿਹੇ ਨਿਰਭੈ ਤੇ ਵਰਿਆਮ ਜੋਧੇ ਬਣ ਗਏ ਕਿ ਉਹਨਾਂ ਅੱਗੇ ਰਾਜੇ ਮਹਾਰਾਜੇ ਤੇ ਨਵਾਬ ਵੀ ਟਿਕ ਨਾ ਸਕੇ। ਉਹਨਾਂ ਦੀ ਬਹਾਦਰੀ ਵਾਲੇ ਕਾਰਨਾਮੇ ਸੁਣ ਕੇ ਦੁਨੀਆਂ ਦੰਗ ਰਹਿ ਗਈ ਅਤੇ ਵੈਰੀ ਵੀ ਵਾਹ-ਵਾਹ ਕਰ ਉਠੇ।

ਬਸੰਤ ਵਾਂਗ ਹੋਲੀ ਵੀ ਸਾਡੇ ਦੇਸ਼ ਦਾ ਮੌਸਮੀ ਤਿਉਹਾਰ ਹੈ। ਸੀਤ ਰੁੱਤ ਦੇ ਅੰਤ ਅਤੇ ਹਾੜੀ ਦੀ ਫਸਲ ਪੱਕਣ ਦੇ ਸਮੇਂ ਲੋਕ ਹੋਲੀ ਨੂੰ ਰੰਗਾਂ ਦਾ ਤਿਉਹਾਰ ਕਰਕੇ ਮਨਾਉਂਦੇ ਹਨ। ਰੰਗਾਂ ਦੀ ਖੇਡ ਅਤੇ ਨੱਚਣਾ ਗਾਉਂਣਾ ਹੋਲੀ ਮਨਾਉਣ ਦੇ ਸਾਂਝੇ ਚਿੰਨ੍ਹ ਹਨ। ਇਹ ਤਿਉਹਾਰ ਸਦੀਆਂ ਪੁਰਾਣਾ ਹੈ। ਕ੍ਰਿਸ਼ਨ ਜੀ ਸਮੇਂ ਵੀ ਬ੍ਰਿਜ ਵਿੱਚ ਬੜੀ ਧੂਮ-ਧਾਮ ਨਾਲ ਹੋਲੀ ਖੇਡੀ ਜਾਂਦੀ ਸੀ। ਪਰ ਇਸਦਾ ਆਰੰਭ ਕਦੋਂ ਤੇ ਕਿਵੇਂ ਹੋਇਆ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਆਮ ਵਿਸ਼ਵਾਸ ਹੈ ਕਿ ਹਰਨਾਖਸ਼ ਤੇ ਪ੍ਰਹਿਲਾਦ ਦੀ ਸਾਖੀ ਤੋਂ ਇਸਦਾ ਆਰੰਭ ਹੋਇਆ ਜਿਸਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਆਉਂਦਾ ਹੈ। 'ਹਰਨਾਕਸ਼ ਦੁਸ਼ਟ ਹਰਿ ਮਾਰਿਆ, ਪ੍ਰਹਿਲਾਦ ਤਰਾਇਆ' ॥ ਕਹਿੰਦੇ ਨੇ ਕਿ ਹਰਨਾਂਕਸ਼ ਨੇ ਰੂਹਾਨੀਅਤ ਦੁਆਰਾ ਇਹ ਵਰ ਪ੍ਰਾਪਤ ਕਰ ਲਿਆ ਸੀ ਕਿ ਉਸਨੂੰ ਕੋਈ ਮਾਰ ਨਹੀਂ ਸਕਦਾ। ਉਸਦੀ ਭੈਣ ਹੋਲਕਾਂ ਨੇ ਵੀ ਇਹ ਵਰ ਪ੍ਰਾਪਤ ਕਰ ਲਿਆ ਸੀ ਕਿ ਅੱਗ ਉਸਨੂੰ ਸਾੜ ਨਹੀਂ ਸਕਦੀ। ਇਤਨੀ ਤਾਕਤ ਪ੍ਰਾਪਤ ਕਰਕੇ ਘੁਮੰਡ ਵਿੱਚ ਆ

ਕੇ ਉਸਨੇ ਹੁਕਮ ਦਿੱਤਾ ਸੀ ਕਿ ਕੋਈ ਵੀ ਰੱਬ ਦਾ ਨਾਮ ਨਾ ਜਪੇ ਤੇ ਹਰ ਕੋਈ ਉਸਦਾ ਹੀ ਨਾਮ ਜਪੇ। ਉਸਦਾ ਮੰਤਰ ਸੀ ਕਿ 'ਜਲ ਭੀ ਹਰਨਾਕਸ਼, ਥਲ ਭੀ ਹਰਨਾਕਸ਼, ਹੈ ਭੀ ਹਰਨਾਕਸ਼, ਹੋਸੀ ਭੀ ਹਰਨਾਕਸ਼' ॥ ਪਰ ਉਸਦੇ ਆਪਣੇ ਹੀ ਪੁੱਤਰ ਪ੍ਰਹਿਲਾਦ ਨੇ ਇਹ ਮੰਤਰ ਪੜ੍ਹਨ ਤੋਂ ਇਨਕਾਰ ਕਰ ਦਿੱਤਾ ਸੀ। ਹਰਨਾਕਸ਼ ਦੇ ਹੁਕਮ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਪ੍ਰਹਿਲਾਦ ਨੂੰ ਮਾਰ ਮੁਕਾਉਣ ਦੀ ਸੋਚੀ ਗਈ। ਇਕ ਯੋਜਨਾ ਅਨੁਸਾਰ ਹੋਲਕਾਂ ਪ੍ਰਹਿਲਾਦ ਨੂੰ ਆਪਣੀ ਗੋਦੀ ਵਿਚ ਲੈ ਕੇ ਬਲਦੀ ਅੱਗ ਵਿੱਚ ਬੈਠ ਗਈ। ਸੋਚਿਆ ਇਹ ਸੀ ਪ੍ਰਹਿਲਾਦ ਸੜ ਜਾਵੇਗਾ ਤੇ ਹੋਲਕਾਂ ਬਚ ਜਾਵੇਗੀ। ਪਰ ਹੋਇਆ ਇਸਦੇ ਉਲਟ। ਹੋਲਕਾਂ ਸੜ ਗਈ ਤੇ ਭਗਤੀ ਆਸਰੇ ਪ੍ਰਹਿਲਾਦ ਬਚ ਗਿਆ। ਇਸ ਤਰ੍ਹਾਂ ਹੋਲੀ ਦਾ ਤਿਓਹਾਰ ਪ੍ਰਹਿਲਾਦ ਦੀ ਹੋਲਕਾਂ ਉਤੇ ਜਿੱਤ ਜਾਂ ਬਦੀ ਉਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ 'ਵਾਰਾਂ' ਵਿੱਚ ਵੀ ਇਸ ਕਥਾ ਦਾ ਜ਼ਿਕਰ ਕੀਤਾ ਹੈ:-

ਘਰਿ ਹਰਣਾਕਸ਼ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦ ॥
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ ॥
ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਮ ॥
ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ ॥
ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ ॥
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ ॥
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ ॥
ਥੰਮ੍ਹੁ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ ॥
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ ॥
ਜੈ ਜੈ ਕਾਰ ਕਰਨਿ ਬ੍ਰਹਮਾਦਿ ॥ ੨ ॥

ਜਿਵੇਂ ਸਫਲ ਕਲਾਕਾਰ ਆਪਣੀ ਵਧੀਆ ਰਚਨਾ ਵੱਲ ਵੇਖ ਵੇਖ ਕੇ ਖੁਸ਼ ਹੁੰਦਾ ਹੈ ਉਸ ਦੀਆਂ ਖੂਬੀਆਂ ਨੂੰ ਸਰੂਰ ਜਿਹੇ ਵਿੱਚ ਆ ਕੇ ਬਿਆਨ ਕਰਦਾ ਹੈ ਤਿਵੇਂ ਹੀ ਖਾਲਸਾ ਪੰਥ ਦੇ ਸਿਰਜਣਹਾਰੇ ਸ੍ਰੀ ਦਸਮੇਸ਼ ਜੀ ਇਸ ਪੂਰਨ ਹੋਈ ਘਾੜਤ ਖਾਲਸਾ ਕੌਮ ਨੂੰ ਵੇਖ ਵੇਖ ਕੇ ਗਦ ਗਦ ਹੁੰਦੇ ਬੜੇ ਚਾਉ ਤੇ ਮਾਣ ਨਾਲ ਇਸ ਨੂੰ ਸਲਾਹੁੰਦੇ ਵਡਿਆਉਂਦੇ ਸਨ। ਖਾਲਸੇ ਦੀ ਮਹਿਮਾਂ ਕਰਦਿਆਂ ਇਕ ਵਾਰ ਆਪ ਨੇ ਇਉਂ ਫ਼ਰਮਾਇਆ :-

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੈ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕਿਰਪਾ ਫੁਨ ਧਾਮ ਭਰੇ ॥
ਇਨ ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰ ਪਰੇ ॥

ਸ੍ਰੀ ਦਸ਼ਮੇਸ਼ ਜੀ ਹਰ ਢੰਗ ਨਾਲ ਤੇ ਹਰ ਮੌਕੇ ਤੇ ਖਾਲਸੇ ਵਿੱਚ ਬੀਰ ਰਸ ਭਰਨ ਅਤੇ ਉਹਨਾਂ ਵਿੱਚ ਧਰਮ ਯੁੱਧ ਲਈ ਚਾਅ ਉਤਸ਼ਾਹ ਭਰਨਾ ਚਾਹੁੰਦੇ ਸਨ। ਇਸੇ ਗਰਜ਼ ਲਈ ਆਪ ਉੱਚੀ, ਮਿੱਠੀ, ਤੇ ਗੰਭੀਰ ਆਵਾਜ਼ ਵਿੱਚ ਹੇਠ ਲਿਖੀ ਅਰਦਾਸ ਹਰ ਰੋਜ਼ ਪੜ੍ਹਿਆ ਕਰਦੇ ਸਨ ਅਤੇ ਆਪਣੇ ਮਗਰ ਸੰਗਤ ਨੂੰ ਪੜ੍ਹਾਇਆ ਕਰਦੇ ਸਨ :-

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿੱਖ ਹੋ ਅਪਣੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਿਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈਂ ਤਬ ਜੂਝ ਮਰੋਂ ॥

ਹਰ ਦੇਸ਼ ਆਪਣੇ-ਆਪਣੇ ਢੰਗ ਨਾਲ ਸਿਆਲ ਦੇ ਨਿਕਲ ਜਾਣ ਅਤੇ ਨਿੱਘੀ ਖੁੱਲ੍ਹੀ ਬਹਾਰ ਆ ਜਾਣ ਦੀ ਖੁਸ਼ੀ ਮਨਾਉਂਦਾ ਹੈ। ਇਸ ਦੇਸ਼ ਵਿੱਚ ਇਹਨਾਂ ਦਿਨਾਂ ਵਿੱਚ ਹੋਲੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਜਦ ਇਹ ਦੇਸ਼ ਆਪਣੀ ਸ਼ਾਨ ਸੱਭਿਅਤਾ ਅਤੇ ਸੱਭਿਆਚਾਰ ਵਿੱਚ ਕਾਇਮ ਸੀ ਉਦੋਂ ਹੋਲੀ ਭੋਲੇ ਭਾ ਦੀਆਂ ਖੁਸ਼ੀਆਂ ਜਸ਼ਨਾਂ ਤੇ ਗੀਤਾਂ ਰਾਹੀਂ ਮਨਾਈ ਜਾਂਦੀ ਸੀ। ਜਦ ਇਸ ਦੇਸ਼ ਦੀ ਤੇ ਇਥੋਂ ਦੇ ਸਮਾਜ ਦੀ ਹਾਲਤ ਭੈੜੀ ਹੋ ਗਈ ਤੇ ਹੋਲੀ ਦੇ ਤਿਉਹਾਰ ਦੀ ਉਹ ਹੀ ਮੰਦੀ ਹਾਲਤ ਹੋ ਗਈ ਜੋ ਅਸੀਂ ਅੱਜ ਕੱਲ੍ਹ ਵੀ ਵੇਖਦੇ ਹਾਂ। ਸੱਚ ਹੈ ਕਿਸੇ ਕੌਮ ਦਾ ਆਪਣਾ ਤਿਉਹਾਰ ਮਨਾਉਣ ਦਾ ਢੰਗ ਉਸਦੀ ਡਿੱਗੀ ਹੋਈ ਜਾਂ ਉੱਚੀ ਹਾਲਤ ਦੀ ਨਿਸ਼ਾਨੀ ਵੀ ਹੁੰਦਾ ਹੈ ਅਤੇ ਨਤੀਜਾ ਵੀ। ਚੌਹਾਂ ਬੰਨਿਆਂ ਤੋਂ ਨਿਘਰੇ ਹੋਏ, ਡਿੱਗੇ ਹੋਏ ਦੇਸ਼ ਤੇ ਸਮਾਜ ਵਿਚ ਹੀ ਸਾਡੇ ਵਾਂਗੂੰ ਕੂੜੇ ਗੰਦ-ਮੰਦ ਤੇ ਗੰਦਗੀ ਨਾਲ ਕੋਈ ਤਿਉਹਾਰ ਮਨਾਇਆ ਜਾ ਸਕਦਾ ਹੈ। ਦੇਸ਼ ਦੀ ਨੀਵੀਂ ਹਾਲਤ ਤੇ ਗਿਰਾਵਟ ਦੇ ਕਾਰਨ ਉਦੋਂ ਵੀ ਹੋਲੀਆਂ ਮਨਾਉਣ ਦਾ ਢੰਗ ਗੰਦਾ ਹੋ ਚੁੱਕਾ ਸੀ। ਇਹ ਖੁਸ਼ੀਆਂ ਭਰਿਆ ਤਿਉਹਾਰ ਕੂੜੇ ਤੇ ਗੰਦਗੀ ਨਾਲ ਮਨਾਇਆ ਜਾਂਦਾ ਸੀ।

ਗੁਰੂ ਗੋਬਿੰਦ ਸਾਹਿਬ ਜੀ ਨੇ ਇਹ ਤਿਉਹਾਰ ਮਨਾਉਣ ਦਾ ਨਵਾਂ ਤਰੀਕਾ ਆਰੰਭ ਕੀਤਾ ਜੋ ਉੱਚੀ ਸੁੱਚੀ ਆਜ਼ਾਦ ਤੇ ਸੂਰਬੀਰ ਕੌਮ ਲਈ ਢੁਕਵਾਂ ਤੇ ਸ਼ੋਭਨੀਕ ਸੀ। ਹੋਲੀਆਂ ਦੇ ਦਿਨੀਂ ਸਵੇਰ ਦੇ ਦੀਵਾਨ ਮਗਰੋਂ ਕਵੀ ਦਰਬਾਰ ਲਗਦਾ ਸੀ ਅਤੇ ਰਾਗ ਸਭਾਵਾਂ ਹੁੰਦੀਆਂ ਸਨ। ਚੋਣਵੇਂ ਕਵੀ, ਢਾਡੀ, ਕੀਰਤਨੀਏ ਤੇ ਰਾਗੀ ਆਪਣੇ-ਆਪਣੇ ਜੌਹਰ ਦਿਖਾਉਂਦੇ ਸਨ। ਲਹੂਦੇ

ਪਹਿਰ ਤਾਕਤ ਤੇ ਬਹਾਦਰੀ ਦੇ ਕਰਤੱਬ, ਫੌਜੀ ਕਸਰਤਾਂ ਤੇ ਖੇਡਾਂ ਹੁੰਦੀਆਂ ਸਨ। ਗੁਲਾਬ ਦੇ ਪ੍ਰੇਮ-ਮਈ ਛੱਟੇ ਤੇ ਖੁਸ਼ਬੂਦਾਰ ਬਸੰਤੀ ਤੇ ਗੁਲਾਬੀ ਅਲਤੇ ਦੀ ਵਰਖਾ ਕੀਤੀ ਜਾਂਦੀ ਸੀ। ਸਾਰਾ-ਸਾਰਾ ਦਿਨ ਖੁਸ਼ੀਆਂ ਤੇ ਉਤਸ਼ਾਹ ਵਿੱਚ ਲੰਘ ਜਾਂਦਾ ਸੀ। ਸਿੰਘਾਂ ਦੇ ਦਿਲਾਂ ਵਿੱਚ ਨਵੀਆਂ ਤਾਂਘਾ ਤੇ ਨਵੀਂ ਜਿੰਦਜਾਨ ਦੀ ਰੌ ਠਾਠਾਂ ਮਾਰ ਉਠਦੀ ਸੀ ਜਿਵੇਂ ਕੁਦਰਤ ਦੇ ਹਰ ਰੁਖ ਤੇ ਬੂਟੇ ਦੇ ਅੰਗ-ਅੰਗ ਵਿੱਚ ਖਿੜਾਅ ਜਾਰੀ ਹੋ ਜਾਂਦਾ ਸੀ।

ਹੋਲੀ ਤੋਂ ਅਗਲਾ ਦਿਨ ਖਾਸ ਉਤਸ਼ਾਹ, ਤੇ ਸ਼ਾਨ, ਸੱਜ-ਧਜ ਤੇ ਤਿਆਰੀ ਨਾਲ ਮਨਾਇਆ ਜਾਂਦਾ ਸੀ ਜਿਸਦਾ ਨਾਂ ਗੁਰੂ ਜੀ ਨੇ ਹੋਲਾ ਮਹੱਲਾ ਰੱਖਿਆ ਸੀ। ਗੁਰੂ ਜੀ ਆਪਣੀ ਫ਼ੌਜ ਨੂੰ ਦੋ ਹਿੱਸਿਆਂ ਜਾਂ ਜਥਿਆਂ ਵਿੱਚ ਵੰਡ ਲੈਂਦੇ ਸਨ। ਦੋਹਾਂ ਦੀ ਵਰਦੀ ਵਖਰੀ-ਵੱਖਰੀ ਹੁੰਦੀ ਸੀ। ਇੱਕ ਜਥਾ ਇੱਕ ਵਲਗਣ ਜਾਂ ਹਵੇਲੀ ਵਿੱਚ ਡੇਰਾ ਲਾ ਲੈਂਦਾ ਸੀ ਜਿਸਨੂੰ ਕਿਲਾ ਸਮਝਿਆ ਜਾਂਦਾ ਸੀ। ਦੂਜਾ ਜਥਾ ਗੁਰੂ ਜੀ ਦੀ ਕਮਾਨ ਹੇਠ ਕਿਲੇ ਨੂੰ ਫਤਹਿ ਕਰਨ ਲਈ ਸੱਜ ਧੱਜ ਤੇ ਜੋਸ਼ ਉਤਸ਼ਾਹ ਨਾਲ ਚੜ੍ਹਾਈ ਕਰਕੇ ਆਉਂਦਾ ਸੀ। ਖੂਬ ਡਟਵੀਂ ਝੂਠੀ ਲੜਾਈ ਹੁੰਦੀ ਸੀ ਦੋਹਾਂ ਜਥਿਆਂ ਨੂੰ ਹੁਕਮ ਹੁੰਦਾ ਸੀ ਕਿ ਕਿਸੇ ਨੂੰ ਜਾਨੋਂ ਨਹੀਂ ਮਾਰਨਾ ਅਤੇ ਨਾ ਹੀ ਕਿਸੇ ਨੂੰ ਫੱਟੜ ਕੀਤਾ ਜਾਵੇ। ਦੋਹਾਂ ਪਾਸਿਆਂ ਦੇ ਨਿੱਕੇ ਵੱਡੇ ਮੁਖੀਏ ਆਪੋ ਆਪਣੀ ਫ਼ੌਜੀ ਯੋਗਤਾ ਵਰਤਦੇ ਦਿਖਾਏ ਜਾਂਦੇ ਸਨ। ਅੰਤ ਨੂੰ ਕਿਲਾ ਜਿੱਤਿਆ ਜਾਂਦਾ ਸੀ। ਇਸ ਜਿੱਤ ਨੂੰ ਮਨਾਉਣ ਦਾ ਵੀ ਅਨੋਖਾ ਹੀ ਢੰਗ ਗੁਰੂ ਜੀ ਨੇ ਤੋਰਿਆ ਸੀ। ਬਹੁਤ ਸਾਰਾ ਕੜਾਹ ਪ੍ਰਸ਼ਾਦ ਸਾਫ ਸੁਥਰੀ ਥਾਂ ਤੇ ਸਾਫ ਸੁਥਰੀਆਂ ਚਾਦਰਾਂ ਉਪਰ ਰੱਖਿਆ ਜਾਂਦਾ ਸੀ। ਸਿੱਖਾਂ ਨੂੰ ਹੁਕਮ ਹੁੰਦਾ ਸੀ ਕਿ ਸਾਰੇ ਹੱਲਾ ਕਰਕੇ ਜਿੰਨਾ ਕਿਸੇ ਦਾ ਦਾਉ ਲੱਗੇ ਖਾ ਲਵੇ ਨਾਲ ਹੀ ਕਰੜੀ ਤਾੜਨਾ ਹੁੰਦੀ ਸੀ ਕਿ ਪ੍ਰਸ਼ਾਦ ਦੀ ਬੇਅਦਬੀ ਨਾ ਹੋਵੇ ਤੇ ਲੁੱਟ ਖਸੁੱਟ ਜਾਂ ਖੋਹ ਨਾ ਹੋਵੇ ਅਤੇ ਰੰਗ ਵਿੱਚ ਭੰਗ ਨਾ ਪਵੇ। ਅੱਜ ਵੀ ਅਨੰਦਪੁਰ ਵਿੱਚ ਹੋਲੇ ਮਹੱਲੇ ਦੇ ਅਵਸਰ ਤੇ ਬਹੁਤ ਭਾਰੀ ਮੇਲਾ ਲੱਗਦਾ ਹੈ ਤੇ ਸਿੰਘ ਆਪਣੇ ਗੱਤਕੇ ਤੇ ਫੌਜੀ ਕਰਤੱਵਾਂ ਦੇ ਜੌਹਰ ਦਿਖਾਉਂਦੇ ਹਨ।

ਸੂਰਬੀਰਤਾ ਅਤੇ ਬਹਾਦਰੀ ਦੀ ਤਬਦੀਲੀ ਕੇਵਲ ਮਰਦਾਂ ਵਿੱਚ ਹੀ ਨਹੀਂ ਸੀ ਆਈ ਸਗੋਂ ਸਿੰਘਣੀਆਂ ਵਿੱਚ ਵੀ ਉਸੇ ਤਰ੍ਹਾਂ ਹੀ ਆਈ ਕਿਉਂਕਿ ਸਿੱਖ ਸਮਾਜ ਵਿੱਚ ਇਸਤਰੀ ਤੇ ਮਰਦ ਵਿੱਚ ਬਰਾਬਰੀ ਦੀ ਜੋ ਰੀਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਨੇ ਤੋਰੀ ਸੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਪ੍ਰਪੱਕ ਕੀਤੀ ਸੀ, ਉਸ ਨੂੰ ਮੁੱਖ ਰੱਖਦਿਆਂ ਸ੍ਰੀ ਦਸਮੇਸ਼ ਜੀ ਨੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਹੀ ਅੰਮ੍ਰਿਤ ਦਾ ਹੱਕਦਾਰ ਬਣਾ ਦਿੱਤਾ ਸੀ। ਸਿੱਖਣੀਆਂ ਵੀ ਅੰਮ੍ਰਿਤ ਪਾਨ ਕਰਕੇ ਸਿੰਘਣੀਆਂ ਜਾਂ ਸ਼ੇਰਨੀਆਂ ਬਣ ਜਾਂਦੀਆਂ ਸਨ। ਉਹ ਅਬਲਾਵਾਂ (ਬਲਹੀਣ) ਨਹੀਂ ਸਨ ਰਹਿ ਜਾਂਦੀਆਂ ਸਗੋਂ ਬਲਵੰਤ ਬਣ ਜਾਂਦੀਆਂ ਸਨ। ਸਿੱਖ ਇਤਿਹਾਸ ਵਿੱਚ ਅਨੇਕਾਂ ਇਸਤਰੀਆਂ ਨੇ ਦਲੇਰੀ, ਨਿਰਭੈਤਾ ਅਤੇ ਸੂਰਮਗਤੀ ਦੇ ਉਹ ਜੌਹਰ ਵਿਖਾਏ ਹਨ ਜਿਹੜੇ ਮਰਦਾਂ ਦੇ ਕਾਰਨਾਮਿਆਂ ਨੂੰ ਵੀ ਮਾਤ ਕਰਦੇ ਹਨ। ਇਹ ਤਬਦੀਲੀਆਂ ਦਸਮੇਸ਼ ਜੀ ਦੇ ਸਮੇਂ ਤੋਂ ਹੀ ਪ੍ਰੱਤਖ ਹੋਣ ਲੱਗ ਪਈਆਂ ਸਨ।

ਇੱਕ ਵਾਰ ਮਾਝੇ ਦੀ ਸੰਗਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਜਾ ਰਹੀ ਸੀ। ਤਲਵਣ ਪਿੰਡ ਪਹੁੰਚ ਕੇ ਸਾਰੀ ਵਹੀਰ ਇੱਕ ਖੂਹ ਦੇ ਕੋਲ ਜਲਪਾਨ ਕਰਨ ਲਈ ਬਹਿ ਗਈ। ਇੱਕ ਮੁਟਿਆਰ ਬੀਬੀ ਇਕੱਲੀ ਅਗਾਹ ਤੁਰ ਗਈ। ਉਸਦਾ ਨਾਮ ਬੀਬੀ ਦੀਪ ਕੌਰ ਸੀ। ਉਹ ਥੋੜ੍ਹੀ ਦੂਰ ਹੀ ਗਈ ਸੀ ਕਿ ਉਸਨੂੰ ਇਕੱਲੀ ਦੇਖ ਕੇ ਲੁਟੇਰੇ ਉਸ ਦੇ ਦੁਆਲੇ ਆਣ ਹੋਏ। ਉਹ ਪਿੰਡ ਤੋਂ ਜ਼ਰਾ ਦੁਰੇਡੀ ਆ ਗਈ ਸੀ ਅਤੇ ਉਸ ਦੇ ਨੇੜੇ-ਤੇੜੇ ਉਸਦਾ ਰੌਲਾ ਸੁਣਕੇ ਸਹਾਇਤਾ ਲਈ ਆਉਣ ਵਾਲਾ ਵੀ ਕੋਈ ਨਹੀਂ ਸੀ ਪਰ ਗੁਰੂ ਦਸਮੇਸ਼ ਜੀ ਦੇ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਉਹ ਸਿੰਘਣੀ (ਸ਼ੇਰਨੀ) ਬਣ ਚੁੱਕੀ ਸਿੱਖ ਬੱਚੀ ਰਤਾ ਭਰ ਵੀ ਨਾ ਘਬਰਾਈ ਅਤੇ ਨਾ ਹੀ ਡਰੀ। ਉਸਨੇ ਮਲਕੜੇ ਜਿਹੇ ਆਪਣੇ ਗੁੱਟ ਤੋਂ ਸੋਨੇ ਦਾ ਕੜਾ ਲਾਹ ਕੇ ਸੁੱਟ ਦਿੱਤਾ। ਇੱਕ ਡਾਕੂ ਨਿਉਂ ਕੇ ਉਸ ਨੂੰ ਚੁੱਕਣ ਲੱਗਾ ਪਰ ਬੀਬੀ ਨੇ ਅੱਖ ਦੇ ਫੋਰੇ ਵਿੱਚ ਕਿਰਪਾਨ ਸੂਤੀ ਤੇ ਉਸਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਬਾਕੀ ਦੋ ਤਿੰਨੇ ਡਾਕੂ ਘਬਰਾ ਗਏ। ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਹ ਮੁਟਿਆਰ ਇਹ ਕੁਝ ਵੀ ਕਰ ਦਿਖਾਏਗੀ। ਇਸਤੋਂ ਪਹਿਲਾਂ ਕਿ ਉਹ ਆਪਣੀਆਂ ਕਿਰਪਾਨਾਂ ਧੂਹ ਕੇ ਵਾਰ ਕਰਦੇ ਉਸ ਸ਼ੇਰਨੀ ਨੇ ਦੋ ਹੋਰ ਝਟਕੇ ਦਿੱਤੇ। ਇਹ ਵੇਖਕੇ ਤੀਜਾ ਡਾਕੂ ਦੌੜ ਪਿਆ। ਪਰ ਸ੍ਰੀ ਦਸ਼ਮੇਸ਼ ਦੀ ਪੁੱਤਰੀ ਨੇ ਉਸਨੂੰ ਵੀ ਦਬੋਚ ਲਿਆ ਤੇ ਉਸਦੇ ਵੀ ਦੋ ਟੋਟੇ ਕਰ ਦਿੱਤੇ। ਜਦੋਂ ਬੀਬੀ ਦੀਪ ਕੌਰ ਦੀ ਇਸ ਦਲੇਰੀ ਤੇ ਸੂਰਬੀਰਤਾ ਦੀ ਗੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸੀ ਗਈ ਤਾਂ ਉਹ ਬਹੁਤ ਪ੍ਰਸੰਨ ਹੋਏ ਅਤੇ ਸਭ ਸਿੰਘਣੀਆਂ ਨੂੰ ਉਸ ਵਰਗੀਆਂ ਬਣ ਕੇ ਵਰਤਣ ਦਾ ਉਪਦੇਸ਼ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਸਮੇਂ-ਸਮੇਂ ਆਪਣੇ ਸਿੱਖਾਂ ਨੂੰ ਦੱਸਿਆ ਕਰਦੇ ਸਨ ਕਿ ਅਸੀਂ ਅਕਾਲ ਪੁਰਖ ਦੀ ਆਗਿਆ ਦਾ ਪਾਲਣ ਕਰਦੇ ਹੋਏ ਕਿਸ ਕਾਰਜ ਦੀ ਸਿੱਧੀ ਲਈ ਜਗਤ ਵਿੱਚ ਆਏ ਹਾਂ ਉਹਨਾਂ ਨੂੰ ਵੰਗਾਰ ਕੇ ਕਿਹਾ ਕਰਦੇ ਸਨ ਕਿ ਮਹਾਨ ਤੇ ਬਿਖੜਾ ਕੰਮ ਤੁਹਾਡੀ ਸਹਾਇਤਾ ਨਾਲ ਨਪੇਰੇ ਚੜ੍ਹਨਾ ਹੈ। ਆਪ ਕਿਹਾ ਕਰਦੇ ਸਨ:-

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥**
**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**
**ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥**

***

# ਅਰਦਾਸ

ਪਰਮਜੀਤ ਕੌਰ

ਅਰਦਾਸ ਦਾ ਸ਼ਾਬਦਿਕ ਅਰਥ : ਪ੍ਰਾਰਥਨਾ, ਬਿਨੈ, ਅਰਜ਼,ਬੇਨਤੀ, ਦੁਆ, ਅਰਜ਼ੋਈ, ਜੋਦੜੀ ਆਦਿ ਹਨ, ਪਰ ਇਸ ਦਾ ਭਾਵ-ਅਰਥ ਬਹੁਤ ਹੀ ਡੂੰਘਾ ਹੈ। ਅਰਦਾਸ ਦਾ ਵਿਆਪਕ ਅਰਥ ਪ੍ਰਭੂ ਸਨਮੁੱਖ ਆਪਣੇ ਮਨੋਭਾਵਾਂ ਨੂੰ ਸੁਹਿਰਦ ਰੂਪ ਵਿੱਚ ਪੇਸ਼ ਕਰਨਾ ਹੈ। ਸੰਸਕ੍ਰਿਤ ਵਿੱਚ ਅਰਦਾਸ ਦਾ ਅਰਥ ਹੈ : ਮੁਰਾਦ ਮੰਗਣ ਦੀ ਕ੍ਰਿਆ।

**ਅਰਦਾਸ** ਦੇ ਸੰਕਲਪ ਵਿੱਚ ਮੁੱਖ ਦੋ ਤੱਤ ਹਨ - ਪਹਿਲਾ ਪ੍ਰਭੂ ਹੈ ਜਿਸ ਨੂੰ ਵਾਹਿਗੁਰੂ ਪਾਰਬ੍ਰਹਮ, ਅੱਲ੍ਹਾ, ਭਗਵਾਨ, ਰਾਮ, ਰਹੀਮ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਦੂਜਾ, ਮਨ ਹੈ। ਮਨੁੱਖੀ ਮਨ ਆਮ ਤੌਰ 'ਤੇ ਆਪਣੇ ਨਿੱਜੀ ਹਿੱਤਾਂ ਭਰੀ ਅਰਦਾਸ ਕਰਦਾ ਹੈ ਪਰ ਸੱਚਾ-ਸੁੱਚਾ ਮਨ ਨਿੱਜੀ ਲਾਭ ਤੋਂ ਉੱਪਰ ਉੱਠ ਕੇ ਸਰਬੱਤ ਦੇ ਭੱਲੇ ਲਈ ਅਰਜ਼ੋਈ ਕਰਦਾ ਹੈ। ਪਰਮਾਤਮਾ ਸਾਹਮਣੇ ਕੀਤੀ ਇਸ ਕ੍ਰਿਆ ਨੂੰ ਹੀ ਅਰਦਾਸ ਕਿਹਾ ਜਾਂਦਾ ਹੈ। **ਅਰਦਾਸ** ਵਿੱਚ ਸੁਖ, ਸੰਜੋਗ, ਨੇਕੀ,ਪੁੰਨ, ਭਲਾ ਅਤੇ ਗਿਆਨ-ਧਿਆਨ ਨੂੰ ਸ੍ਰੇਸ਼ਟ ਮੰਨਿਆ ਜਾਂਦਾ ਹੈ। ਕਾਮ,ਕ੍ਰੋਧ,ਲੋਭ,ਮੋਹ ਤੇ ਹੰਕਾਰ ਨੂੰ ਤ੍ਰਿਸਕਾਰਿਆ ਜਾਂਦਾ ਹੈ। ਅਰਦਾਸ ਆਪਣੇ ਆਪ ਵਿਚ ਫਤਹਿ ਪ੍ਰਾਪਤੀ ਦਾ ਸਦੀਵੀ ਵਿਸ਼ਵਾਸ ਹੈ।

ਆਪਣੇ ਗੁਰੂ ਅਪਣੇ ਇਸ਼ਟ ਅੱਗੇ ਅਰਦਾਸ ਦੋਵੇਂ ਹੱਥ ਜੋੜ ਕੇ ਪ੍ਰਭੂ ਪਿਆਰ ਅਤੇ ਸਤਿਕਾਰ ਵਿੱਚ ਡੁੱਬ ਕੇ ਕੀਤੀ ਜਾਵੇ, ਪ੍ਰਭੂ ਭਾਣੇ ਵਿਚ ਪੂਰਨ ਵਿਸ਼ਵਾਸ਼ ਹੋਵੇ ਭਾਵ ਉਸ ਦਾ ਕੀਤਾ ਸਦਾ ਖਿੜੇ-ਮੱਥੇ ਪ੍ਰਵਾਨ ਹੋਵੇ, ਅਜਿਹੀ ਆਤਮਾ ਵਿੱਚੋਂ ਜੋ ਅਰਦਾਸ ਕੀਤੀ ਜਾਂਦੀ ਹੈ ਉਹ ਜ਼ਰੂਰ ਅਸਰ ਰੱਖਦੀ ਹੈ। ਅਰਦਾਸ ਸਫਲਤਾ ਤੇ ਕਾਰਜ-ਸਿੱਧੀ ਲਈ ਇੱਕ ਓਟ ਹੈ, ਬਸ਼ਰਤੇ ਕਿ ਇਹ ਓਟ ਸੱਚ-ਸੁੱਚੇ ਮਨੋ ਲਈ ਜਾਵੇ। ਸਿੱਖ ਧਰਮ ਵਿੱਚ ਅਰਦਾਸ ਦਾ ਬਹੁਤ ਵੱਡਾ ਮਹੱਤਵ ਹੈ।

**ਅਰਦਾਸ** ਦਾ ਮਹੱਤਵ ਹੋਰਾਂ ਧਰਮਾਂ ਵਿੱਚ ਵੀ ਹੈ ਪਰ ਸਿੱਖ ਲਈ ਤਾਂ ਇਸ ਦੀ ਬਹੁਤ ਅਹਿਮੀਅਤ ਹੈ। ਸਿੱਖ ਜਨਮ, ਵਿਆਹ, ਦੁੱਖ-ਸੁੱਖ 'ਚ ਅਤੇ ਅੰਤ ਮਰਨ 'ਤੇ ਵੀ ਅਰਦਾਸ ਕਰਦਾ ਹੈ। ਉਸ ਦੀ ਰਜ਼ਾ ਵਿੱਚ ਰਹਿ ਕੇ ਉਸ ਦਾ ਸ਼ੁਕਰਾਨਾ ਕਰਦਾ ਹੈ। ਸਿੱਖ ਸਵੇਰੇ ਸ਼ਾਮ ਪ੍ਰਭੂ ਸਿਮਰਨ ਤੋਂ ਬਾਅਦ ਅਰਦਾਸ ਕਰਦਾ ਹੈ ਅਤੇ ਕੋਈ ਵੀ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਅਰਦਾਸ ਕਰਦਾ ਹੈ ਅਤੇ ਕਾਰਜ ਸੰਪੂਰਨ ਹੋਣ 'ਤੇ ਧੰਨਵਾਦ ਕਰਦਿਆਂ ਪ੍ਰਭੂ ਅੱਗੇ ਅਰਦਾਸ ਕਰਦਾ ਹੋਇਆ, ਉਸ ਦਾ ਓਟ ਆਸਰਾ ਮੰਗਦਾ ਹੈ।

**ਅਰਦਾਸ** ਦੀਆਂ ਬਹੁਤ ਅਦੁੱਤੀ ਮਿਸਾਲਾਂ ਸਿੱਖ ਧਰਮ ਵਿੱਚ ਮਿਲਦੀਆਂ ਹਨ।

ਇਤਿਹਾਸ ਗਵਾਹ ਹੈ, ਸਿੱਖ ਬੀਬੀਆਂ ਧਰਮ ਹੇਤ ਜ਼ੁਲਮ ਸਹਿੰਦੀਆਂ ਰਹੀਆਂ ਪਰ ਉਹ ਸਿਦਕੋਂ ਨਹੀਂ ਹਾਰੀਆਂ। ਉਨ੍ਹਾਂ ਦੀਆਂ ਅੱਖਾਂ ਸਾਹਮਣੇ ਮਾਸੂਮ ਬੱਚਿਆਂ ਨੂੰ ਨੇਜਿਆਂ 'ਤੇ ਉਛਾਲਿਆ ਗਿਆ, ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਹਾਰ ਬਣਾ ਕੇ ਬੀਬੀਆਂ ਦੇ ਗਲਾਂ ਵਿੱਚ ਪਾਏ ਗਏ। ਇਹ ਸੁਣ ਕੇ ਪੜ੍ਹ ਕੇ ਰੂਹ ਕੰਬ ਉੱਠਦੀ ਹੈ ਪਰ ਧੰਨ ਸਨ ਉਹ ਮਹਾਨ ਸਿੰਘਣੀਆਂ, ਜਿਨ੍ਹਾਂ ਇਹ ਸਭ ਕੁਝ ਖਿੜੇ ਮੱਥੇ ਸਬਰ ਸਿਦਕ ਨਾਲ ਸਹਿ ਲਿਆ ਤੇ ਮੂੰਹੋਂ ਸੀ ਨਹੀਂ ਉੱਚਰੀ। ਦਿਨੇ ਇਹ ਕਹਿਰ ਵਰਤਿਆ ਸ਼ਾਮੀਂ ਪ੍ਰਭੂ ਸਿਮਰਨ ਤੋਂ ਬਾਅਦ ਉਹ ਬੀਬੀਆਂ ਅਰਦਾਸ ਕਰ ਰਹੀਆਂ ਸਨ, "ਹੇ ਪ੍ਰਭੂ ਤੇਰਾ ਸ਼ੁਕਰ ਹੈ, ਚਾਰ ਪਹਿਰ ਦਿਨ ਸੁਖ-ਸ਼ਾਂਤੀ ਨਾਲ ਬਤੀਤ ਹੋਇਆ, ਮਿਹਰ ਕਰੋ ਚਾਰ ਪਹਿਰ ਰਾਤ ਵੀ ਆਪਣੀ ਰਜ਼ਾ ਵਿਚ ਸੁਖ ਸ਼ਾਂਤੀ ਬਖ਼ਸ਼ੋ" ਇਹ ਦੇਖ ਅਤੇ ਸੁਣ ਕੇ ਜ਼ਾਬਰਾਂ ਕਾਤਲਾਂ ਹੈਰਾਨੀ ਪ੍ਰਗਟ ਕੀਤੀ ਕਿ ਐਨਾ ਦੁੱਖ ਦਰਦ ਤਸੀਹੇ ਸਹਿ ਕੇ ਵੀ ਇਹਨਾਂ ਪ੍ਰਭੂ ਦਾ ਸ਼ੁਕਰਾਨਾ ਹੀ ਕੀਤਾ ਹੈ, ਪਰ ਇਹਨਾਂ ਡੂੰਘਾਈਆਂ ਦੀ ਥਾਹ ਤਾਂ ਉਹ ਸਬਰ ਤੇ ਸਿਦਕ ਦੇ ਪੁੰਜ ਹੀ ਪਾ ਸਕਦੇ ਹਨ ਜੋ ਅਰਦਾਸ ਦਾ ਮਹੱਤਵ ਜਾਣਦੇ ਹਨ! ਉਸ ਸ਼ੁਕਰਾਨੇ ਦਾ ਅਰਥ ਉਹ ਬੀਬੀਆਂ ਹੀ ਜਾਣਦੀਆਂ ਸਨ, ਜਿਨ੍ਹਾਂ ਸਵੇਰੇ ਵੀ ਪ੍ਰਭੂ ਨੂੰ ਅਰਦਾਸ ਕੀਤੀ ਹੋਵੇਗੀ ਜਿਸ ਦੇ ਫਲਸਰੂਪ ਪ੍ਰਭੂ ਨੇ ਮਿਹਰਾਂ ਕਰ ਕੇ ਉਨ੍ਹਾਂ ਨੂੰ ਐਨਾ ਬਲ ਬਖ਼ਸ਼ਿਆ ਕਿ ਉਨ੍ਹਾਂ ਨੇ ਜਿਗਰ ਦੇ ਟੁਕੜਿਆਂ ਦੇ ਟੋਟੇ-ਟੋਟੇ ਹੁੰਦੇ ਦੇਖੇ। ਉਨ੍ਹਾਂ ਟੁਕੜਿਆਂ ਦੇ ਗਲਾਂ ਵਿੱਚ ਹਾਰ ਪਵਾਏ, ਪਰ ਅਡੋਲ ਰਹੀਆਂ ਤੇ ਸਿਦਕੋਂ ਨਹੀਂ ਹਾਰੀਆਂ। ਉਨ੍ਹਾਂ ਰੱਬੀ ਰੂਹਾਂ ਨੇ ਇਹੋ ਸ਼ੁਕਰਾਨਾ ਕੀਤਾ ਕਿ ਤੇਰੀ ਕ੍ਰਿਪਾ ਨਾਲ ਅਸੀਂ ਇਹ ਕਹਿਰ ਸਹਿਣ ਦੇ ਸਮਰੱਥ ਹੋਈਆਂ।

ਅਰਦਾਸ ਕਰਨ ਤੇ ਕਬੂਲੇ ਜਾਣ ਦੀਆਂ ਬਹੁਤ ਮਿਸਾਲਾਂ ਮਿਲਦੀਆਂ ਹਨ। ਅਕਾਲੀ ਫੂਲਾ ਸਿੰਘ ਨੇ ਬ੍ਰਿਧ ਅਵਸਥਾ ਵਿੱਚ ਅਰਦਾਸ ਕਰ ਕੇ ਖੰਡਾ ਚੁੱਕਿਆ ਤੇ ਵੈਰੀ ਦਲਾਂ ਨੂੰ ਭਾਜੜ ਪਾਈ। ਸ਼ਹੀਦ ਬਾਬਾ ਦੀਪ ਸਿੰਘ ਦੀ ਅਰਦਾਸ ਦੀ ਕਹਾਣੀ ਤਾਂ ਰਹਿੰਦੀ ਦੁਨੀਆਂ ਤੱਕ ਅਮਰ ਰਹੇਗੀ। ਉਨ੍ਹਾਂ ਦੀ ਅਰਜ਼ੋਈ ਦਰ ਪ੍ਰਵਾਨ ਹੋਈ ਤੇ ਵੈਰੀਆਂ ਨੂੰ ਲਤਾੜਦੇ ਹੋਏ ਕਿਵੇਂ ਸੀਸ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਵਿੱਚ ਅਰਪਨ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਕੁਰਬਾਨੀ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦੀ। ਉਨ੍ਹਾਂ ਵੀ ਆਪਣੇ ਇਸ਼ਟ ਨੂੰ ਅਰਦਾਸ ਕੀਤੀ ਸੀ ਕਿ "ਦੇਹ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ॥" ਉਨ੍ਹਾਂ ਦੀ ਪ੍ਰੇਮ ਅਤੇ ਭਗਤੀ ਵਿੱਚ ਕੀਤੀ ਅਰਦਾਸ ਪ੍ਰਭੂ ਨੇ ਕਬੂਲ ਕੀਤੀ ਤੇ ਉਨ੍ਹਾਂ ਨੂੰ ਅਜੇਹੀ ਸ਼ਕਤੀ, ਰੂਹਾਨੀ ਤਾਕਤ ਬਖਸ਼ੀ ਕਿ ਸ਼ੁਭ ਕਰਮਨ ਭਾਵ ਸੱਚ ਧਰਮ, ਅਣਖ ਅਤੇ ਸਮੁੱਚੀ ਇਨਸਾਨੀਅਤ ਲਈ ਆਪਣਾ ਸਾਰਾ ਪ੍ਰੀਵਾਰ ਕੁਰਬਾਨ ਕਰ ਦਿੱਤਾ।

ਦੁਨੀਆਂ ਵਾਲੇ ਅਰਦਾਸ ਨੂੰ ਆਮ ਤੌਰ 'ਤੇ ਮੁਸ਼ਕਿਲ ਦੇ ਹੱਲ ਦਾ ਸਾਧਨ ਸਮਝਦੇ

ਹਨ। ਪ੍ਰਸਿੱਧ ਲੇਖਕ ਵਾਲਟੇਅਰ ਲਿਖਦਾ ਹੈ ਕਿ ਅਰਦਾਸ ਦਾ ਮਤਲਬ ਇਹ ਨਹੀਂ ਕਿ ਕਿਸੇ ਦੀਆਂ ਮੰਗਾਂ ਪੂਰੀਆਂ ਕਰਨ ਲਈ ਕੁਦਰਤ ਆਪਣਾ ਨਿਯਮ ਬਦਲ ਦੇਵੇ ਬਲਿਕ 'ਅਰਦਾਸ' ਤਾਂ ਕਾਨੂੰਨਾਂ ਤੇ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ। ਭੀੜ ਔਕੜ ਸਮੇਂ ਕੀਤੀ ਅਰਦਾਸ ਆਪਣੇ ਇਸ਼ਟ ਅੱਗੇ ਇਕ ਵੇਦਨਾ, ਪੁਕਾਰ ਤੇ ਦਰਦ ਭਰੀ ਅਰਜ਼ੋਈ ਹੁੰਦੀ ਹੈ ਤੇ ਖੁਸ਼ੀ ਤੇ ਸੁੱਖ ਸਮੇਂ ਕੀਤੀ ਅਰਦਾਸ ਪ੍ਰਭੂ ਦਾ ਸ਼ੁਕਰਾਨਾ ਹੁੰਦੀ ਹੈ। ਉਸ ਦੀ ਰਜ਼ਾ 'ਚ ਰਾਜੀ ਰਹਿਣ ਵਾਲੇ ਦੀ ਹੀ ਅਰਜ਼ ਉਸ ਦੇ ਦਰ 'ਤੇ ਪ੍ਰਵਾਨ ਹੁੰਦੀ ਹੈ। ਇਹ ਸਾਨੂੰ ਸਾਹਿਬ ਗੁਰੂ ਗੋਬਿੰਦ ਜੀ ਦੇ ਪਾਵਨ ਸ਼ਬਦ ਤੋਂ ਸਮਝਣਾ ਚਾਹੀਦਾ ਹੈ। ਤਾਜਾਂ ਤਖਤਾਂ ਤੇ ਮਖ਼ਮਲੀ ਵਿਛੋਣੀਆਂ ਦਾ ਮਾਲਕ ਕੰਡਿਆਂ ਦੀ ਸੇਜ 'ਤੇ ਜੰਗਲਾਂ ਵਿੱਚ ਟਿੰਡ ਦਾ ਸਰ੍ਹਾਣਾ ਰੱਖੀ ਪਿਆ ਵੀ ਕਹਿੰਦਾ ਹੈ "ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆ ਦਾ ਰਹਿਣਾ॥" ਅਜੇਹੀ ਰੂਹ 'ਚੋਂ ਨਿਕਲੀ ਅਰਦਾਸ ਉਹਦੇ ਦਰ ਕਦੇ ਬਿਰਥੀ ਨਹੀਂ ਜਾਂਦੀ।

ਸਾਨੂੰ ਚਾਹੀਦਾ ਹੈ ਅਰਦਾਸ ਦੇ ਮਹੱਤਵ ਨੂੰ ਸਮਝ ਤੇ ਸੱਚੇ-ਸੁੱਚੇ ਮਨ ਨਾਲ ਅਥਾਹ ਸ਼ਰਧਾ ਤੇ ਪ੍ਰੇਮ ਵਿੱਚ ਲੀਨ ਹੋ ਕੇ ਆਪਣੇ ਇਸ਼ਟ ਨੂੰ ਅਰਜ਼ ਕਰੀਏ। ਇਹ ਗੁਰਮਤਿ ਦੇ ਨਿਯਮਾਂ ਦਾ ਪੱਲਾ ਫੜ ਕੇ ਹੀ ਹੋ ਸਕਦਾ ਹੈ। ਮੁੱਕਦੀ ਗੱਲ ਹੈ ਅਰਦਾਸ ਦੇ ਦੋ ਹੀ ਮੂਲ ਤੱਤ ਹਨ-ਪ੍ਰਭੂ ਤੇ ਮਨ। ਜਦੋਂ ਮਨ ਸਹੀ ਅਰਥਾਂ ਵਿੱਚ ਉਹਦੇ ਚਰਨਾਂ ਵਿੱਚ ਲੀਨ ਹੋ ਜਾਵੇ ਤਾਂ ਪ੍ਰਭੂ ਜ਼ਰੂਰ ਹੀ ਸੱਚੇ-ਸੁੱਚੇ ਮਨੋ ਨਿਕਲੀ ਵੇਦਨਾ ਤੇ ਅਰਜ਼ ਕਬੂਲ ਕਰਦਾ ਹੈ।

ਕਵੀ ਇਕਬਾਲ ਦੇ ਇਸ ਸ਼ੇਅਰ ਵਿੱਚ ਇਨ੍ਹਾਂ ਸਾਰੀਆਂ ਗੱਲਾਂ ਦਾ ਨਿਚੋੜ ਹੈ

"ਖੁਦਾਏ ਮੰਨਜ਼ੂਰ ਹੋਤੀ ਹੈ ਦੁਆ ਜੋ ਦਿਲ ਸੇ ਹੋਤੀ ਹੈ,
ਮਗਰ ਮੁਸ਼ਕਿਲ ਹੈ ਕਿ ਯੇਹ ਬੜੀ ਮੁਸ਼ਕਿਲ ਸੇ ਹੋਤੀ ਹੈ।"

---


# ਭਾਈ ਘਨੱਈਆ ਚੈਰੀਟੇਬਲ ਹਸਪਤਾਲ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ (ਬਠਿੰਡਾ) ਵਿਖੇ

ਡਾ. ਮਨਤਾਰ ਸਿੰਘ ਜੀ ਫ਼ਰੀਦਕੋਟ ਤੋਂ ਅਤੇ ਡਾ. ਨਵਦੀਪ ਸਿੰਘ 'ਲੱਕੀ' ਹਰ ਬੁੱਧਵਾਰ ਸਵੇਰੇ 9 ਤੋਂ 11 ਵਜੇ ਤੱਕ ਦੰਦਾਂ ਜੀ ਜਾਂਚ ਤੇ ਇਲਾਜ ਲਈ ਆਉਂਦੇ ਹਨ। ਡਾ. ਗੁਰਿੰਦਰ ਮੋਹਨ ਸਿੰਘ ਜੀ ਫ਼ਰੀਦਕੋਟ ਤੋਂ ਹਰ ਸ਼ਨੀਵਾਰ ਸਵੇਰੇ 9 ਵਜੇ ਤੋਂ 11 ਵਜੇ ਤੱਕ ਦੰਦਾਂ ਦੀ ਜਾਂਚ ਤੇ ਇਲਾਜ ਲਈ ਆਉਂਦੇ ਹਨ। ਲੋੜਵੰਦ ਲਾਭ ਉਠਾਉਣ।

ਵੱਲੋਂ : ਭਾਈ ਘਨੱਈਆ ਸੇਵਾ ਸੁਸਾਇਟੀ ਯੂਨਿਟ, ਗੋਨਿਆਣਾ ਮੰਡੀ

# ਸਮਾਜਿਕ ਨਿਆਂ ਲਈ ਸੰਘਰਸ਼, ਅਜੋਕੀ ਲੋੜ

ਸ : ਸਤਿਬੀਰ ਸਿੰਘ

ਗੁਰਮਤਿ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਹਾਲਾਤਾਂ ਦੀ ਉਪਜ ਹੈ, ਜੋ ਗੁਰੂ ਨਾਨਕ ਸਾਹਿਬ ਵੇਲੇ ਸਮਾਜ ਉੱਪਰ ਹਾਵੀ ਸਨ। ਉਸ ਸਮੇਂ ਫਜ਼ੂਲ ਦੇ ਕਰਮ-ਕਾਂਡਾਂ, ਬੁੱਤਪ੍ਰਸਤੀ ਤੋਂ ਪ੍ਰਭਾਵਿਤ ਧਾਰਮਕ ਰਹੁ-ਰੀਤੀਆਂ, ਮਨੂਵਾਦੀ ਸਮਾਜਿਕ ਵੰਡ ਪ੍ਰਣਾਲੀ, ਸ਼ਖਸੀ ਰਾਜ ਦੇ ਆਮ ਜਨਤਾ ਉੱਪਰ ਜ਼ੁਲਮ ਅਤੇ ਉਸ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ, ਆਰਥਿਕ ਸੰਕਟਾਂ ਸਦਕਾ ਅਮੀਰ-ਗਰੀਬ ਦਾ ਵਿਤਕਰਾ ਅਤੇ ਮੌਕਾਪ੍ਰਸਤ ਰਾਜਨੀਤੀ ਦਾ ਸ਼ਿਕਾਰ ਹੁੰਦੀ ਮਨੁੱਖਤਾ ਬੁਰੀ ਤਰ੍ਹਾਂ ਪੀੜੀ ਜਾ ਰਹੀ ਸੀ। ਉਸ ਗਹਿਰੀ ਧੁੰਦ ਦੀਆਂ ਪਰਤਾਂ ਪਾੜ ਕੇ ਗੁਰੂ ਨਾਨਕ ਪਾਤਸ਼ਾਹ, ਇਕ ਸੂਰਜ ਵਾਂਗਰ ਸੰਸਾਰ ਵਿਚ ਪ੍ਰਕਾਸ਼ਮਾਨ ਹੋਏ ਅਤੇ ਇਨਸਾਨੀ ਜੀਵਨ ਦੇ ਹਰ ਪੱਖ ਵਿਚ ਇਨਕਲਾਬ ਦੀ ਜਵਾਲਾ ਉਜਵਲ ਕਰ ਦਿੱਤੀ। ਦਸਾਂ ਗੁਰੂਆਂ ਨੇ ਉਸ ਇਨਕਲਾਬ ਦੇ ਕਿਲ੍ਹੇ ਨੂੰ ਆਪਣੀ ਕਰਨੀ ਅਤੇ ਕਥਨੀ ਨਾਲ ਹੋਰ ਮਜ਼ਬੂਤ ਕੀਤਾ ਅਤੇ ਅੰਤ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਜੀਵਨ-ਜਾਚ ਅਤੇ ਜੁਗਤਿ ਦੀ ਸੋਧ ਬਖਸ਼ੀ। ਮਨੁੱਖਤਾ ਨੂੰ ਪ੍ਰਭਾਵਿਤ ਕਰਨ ਵਾਲੇ ਹਰ ਪੱਖ ਨਿਸ਼ਾਨਦੇਹੀ ਕਰਕੇ ਉਸ ਦੇ ਗੁਣਾਂ ਔਗੁਣਾਂ ਤੋਂ ਜਾਣੂ ਕਰਵਾਇਆ। ਸਮਾਜਿਕ ਬਿਮਾਰਿਆਂ ਦੇ ਕਾਰਨਾਂ ਨੂੰ ਉਜਾਗਰ ਕਰਕੇ ਉਨ੍ਹਾਂ ਦੇ ਇਲਾਜ ਦੇ ਤੌਰ-ਤਰੀਕਿਆਂ ਬਾਰੇ ਦੱਸਿਆ। ਗੱਲ ਕੀ, ਹਰ ਤਰ੍ਹਾਂ ਨਾਲ ਗੁਰਮਤਿ ਵਿਚ ਮੁਕੰਮਲ, ਉਸਾਰੂ ਅਤੇ ਨਵੇਂ-ਨਿਵੇਕਲੇ ਸਿਧਾਂਤਾਂ ਨੂੰ ਪ੍ਰਤੱਖ ਕੀਤਾ।

ਪਰ ਅਜੋਕੀ ਰਾਜਨੀਤੀ ਦਾ ਧੁਰਾ ਨਿਰਾ-ਪੁਰਾ ਸੱਤਾ ਨੂੰ ਹਾਸਲ ਕਰਨਾ ਅਤੇ ਫੇਰ ਉਸ ਨੂੰ, ਸਦਾ ਲਈ ਨਾ ਸਹੀ, ਜਿੰਨਾ ਚਿਰ ਸੰਭਵ ਹੋ ਸਕੇ ਹਰ ਤਰੀਕੇ ਨਾਲ ਕਾਇਮ ਰੱਖਣ ਦੇ ਯਤਨ ਕਰਨਾ ਹੈ। ਪੁਰਾਤਨ ਕਾਲ ਵਿਚ ਇਹ ਸੱਤਾ, ਸ਼ਖ਼ਸੀ ਹੱਥਾਂ ਵਿਚ ਹੁੰਦੀ ਸੀ ਅਤੇ ਉਸ ਨੂੰ ਬਰਕਰਾਰ ਰੱਖਣ ਲਈ ਸੱਤਾਧਾਰੀਆਂ ਦੇ ਮੁਕੱਦਮ ਸਹਾਈ ਹੁੰਦੇ ਸਨ। ਅੱਜ ਜਨਤਾ ਆਪਣੀਆਂ ਵੋਟਾਂ ਰਾਹੀਂ ਕੁਝ ਕੁ ਵਿਅਕਤੀਆਂ ਨੂੰ ਚੁਣ ਕੇ ਉਨ੍ਹਾਂ ਦੇ ਹੱਥਾਂ ਵਿਚ ਸੱਤਾ ਸੌਂਪ ਦਿੰਦੀ ਹੈ ਅਤੇ ਇਸ ਵਸੀਲੇ ਨੂੰ ਗਣਤੰਤਰ ਜਾਂ ਲੋਕਤਤੰਰ ਦਾ ਨਾਮ ਦਿੱਤਾ ਜਾਂਦਾ ਹੈ। ਜਿਸ ਬਹੁਗਿਣਤੀ ਦੇ ਹੱਥਾਂ ਵਿਚ ਸੱਤਾ ਆ ਜਾਂਦੀ ਹੈ ਉਸ ਧੜੇ ਦੀ ਮਰਜ਼ੀ ਹੈ ਕਿ ਉਹ ਹੱਥ ਆਈ ਸੱਤਾ ਦਾ ਪ੍ਰਯੋਗ ਕਿਸ ਪ੍ਰਕਾਰ ਕਰਦਾ ਹੈ? ਜਨਤਾ, ਜਿਸ ਨੂੰ ਵੋਟ ਦਾਤਾ ਕਿਹਾ ਜਾਂਦਾ ਹੈ, ਉਸ ਪ੍ਰਕਿਰਿਆ ਤੋਂ ਬਾਅਦ ਕੁਝ ਵੀ ਨਹੀਂ ਰਹਿ ਜਾਂਦਾ। ਜਨਤਾ ਵੱਲੋਂ ਘੜੇ ਗਏ ਨੇਤਾਵਾਂ ਹੱਥ ਇਕ ਤਰ੍ਹਾਂ ਦੇ ਹਲਫਨਾਮੇ ਲੋਕੀਂ ਸੌਂਪ ਦਿੰਦੇ ਹਨ ਕਿ ਉਨ੍ਹਾਂ ਪਾਸ ਪੂਰੇ ਹੱਕ ਹਨ ਕਿ ਉਹ ਜਿਵੇਂ ਮਰਜ਼ੀ ਆਪਣੀਆਂ ਕਾਰਜਵਿਧੀਆਂ ਘੜ ਸਕਦੇ

ਹਨ। ਸੱਤਾਧਾਰੀ ਵਰਗ ਹਕੂਮਤ ਦੇ ਨਸ਼ੇ ਵਿਚ ਇੰਜ ਮਸਤ ਹੋ ਨਿੱਬੜਦਾ ਹੈ ਕਿ ਉਸ ਜਨਤਾ ਨੂੰ ਉੱਕਾ ਹੀ ਵਿਸਾਰ ਛੱਡਦਾ ਹੈ ਜਿਨ੍ਹਾਂ ਦੀ ਕਿਰਪਾ ਨਾਲ ਉਹ ਉਸ ਪਦਵੀ ਉੱਪਰ ਜਾ ਬਿਰਾਜੇ ਹਨ। ਉਹ ਇਕ ਖਾਸ ਵਰਗ ਦੇ ਹੀ ਹਿੱਤਾਂ ਦੀ ਰਾਖੀ, ਆਪਣੇ ਕੁਨਬੇ ਦੀ ਪਰਵਰਿਸ਼ ਅਤੇ ਆਪਣੇ ਨਿੱਜੀ ਲੋਭ ਦੀ ਪੂਰਤੀ ਨੂੰ ਹੀ ਆਪਣੀ ਕਾਰਜਵਿਧੀ ਦਾ ਨਿਸ਼ਾਨਾ ਧਾਰ ਲੈਂਦੇ ਹਨ। ਇਕ ਡੰਡੇ ਤੋਂ ਤਿਲਕਿਆ ਸਾਰੀਆਂ ਪੌੜੀਆਂ ਤੋਂ ਡਿੱਗਦਾ ਹੀ ਚਲਾ ਜਾਂਦਾ ਹੈ। ਫੇਰ ਸ਼ੁਰੂ ਹੁੰਦਾ ਹੈ ਲੋਕਾਈ ਦਾ ਦਮਨ, ਵਿਚਾਰਧਾਰਾ ਉੱਪਰ ਧਾਵੇ ਅਤੇ ਨਿਰਲੱਜਤਾ ਭਰੀ ਧੱਕੇਸ਼ਾਹੀ ਨਾਲ ਸੱਤਾਹੀਣਾਂ ਉੱਪਰ ਜਬਰ, ਜ਼ੁਲਮ ਅਤੇ ਬਰਬਰਤਾ ਦਾ ਦੌਰਾ, ਕਥਨੀ ਵਿਚ ਕਪਟ ਫਰੇਬ, ਧੋਖੇ ਨਾਲ ਭਰੇ ਝੂਠੇ ਵਾਅਦੇ। ਕਰਨੀ ਵਿਚ ਭ੍ਰਿਸ਼ਟਾਚਾਰ, ਲੋਭ ਅਤੇ ਅਹੰਕਾਰ। ਅਜਿਹੇ ਵਰਤਾਰੇ ਦੇ ਮੰਦੇ ਪ੍ਰਭਾਵ ਤੋਂ ਸਮਾਜ ਵਿਚਲੇ ਲੋਕਤੰਤਰ ਵਾਲੇ ਰੰਗ ਧੁੰਧਲਾ ਜਾਂਦੇ ਹਨ। ਇਨ੍ਹਾਂ ਕੁਕਰਮਾਂ ਤੋਂ ਸਮਾਜ ਦਾ ਸਾਰਾ ਤਾਣਾ-ਬਾਣਾ ਹੀ ਫਿਥੀ-ਫਿਥੀ ਹੋ ਜਾਂਦਾ ਹੈ। ਅਨਿਆਂ ਦੀ ਛਾਇਆ ਸਮਾਜ ਦੇ ਹਰ ਪੱਖ ਉੱਪਰ ਹਾਵੀ ਹੋ ਜਾਂਦੀ ਹੈ। ਪਰਾਏ ਹੱਕਾਂ ਨੂੰ ਅਣਗੌਲਿਆਂ ਕਰਨ ਦੀ ਮਨੋਬਿਰਤੀ ਸਮਾਜ ਦੇ ਇਕ ਵਰਗ ਤੀਕਰ ਹੀ ਸੀਮਤ ਨਹੀਂ ਰਹਿ ਜਾਂਦੀ ਸਗੋਂ ਸਾਰਾ ਢਾਂਚਾ ਹੀ ਉੱਪਰ ਤੋਂ ਥੱਲੇ ਤੀਕ ਪੂਰੇ ਤੌਰ 'ਤੇ ਸਮੜੇ ਇਕ ਲਾਇਲਾਜ ਬਿਮਾਰੀ ਦੀ ਗ੍ਰਿਫਤ ਵਿਚ ਆ ਜਾਂਦਾ ਹੈ।

ਅੱਜ ਇਕ ਟੱਬਰ ਵਿਚ ਕੋਈ ਜੀਅ ਦੂਜੇ ਪ੍ਰਤੀ ਵਫਾਦਾਰ ਨਹੀਂ ਰਹਿ ਗਿਆ। ਸਾਝੇਂ ਮੰਤਵ ਵਾਸਤੇ ਘਾਲਣਾ-ਘਾਲਣ ਦੀ ਥਾਂ ਨਿੱਜੀ ਸਵਾਰਥ ਪ੍ਰਬਲ ਹੋ ਚੁੱਕੇ ਹਨ। ਇਕ ਦੂਜੇ ਨੂੰ ਧੋਖੇ ਵਿਚ ਰੱਖ ਕੇ ਔਲਾਦ ਹੀ ਆਪਣੇ ਮਾਂ-ਬਾਪ ਪ੍ਰਤੀ ਸੁਹਿਰਦ ਨਹੀਂ ਰਹਿ ਗਈ। ਸਾਂਝੇ ਟੱਬਰ ਖੇਰੂੰ-ਖੇਰੂੰ ਹੋ ਰਹੇ ਹਨ। ਇਕ ਦੂਜੇ ਉੱਪਰ ਵਿਸ਼ਵਾਸ ਖਤਮ ਹੋ ਚੁਕਾ ਹੈ। ਔਲਾਦ ਹੱਥੋਂ ਮਾਂ-ਬਾਪ ਕਤਲ ਹੋ ਰਹੇ ਹਨ। ਇੱਕ ਦੂਜੇ ਉਪਰ ਵਿਸ਼ਵਾਸ਼ ਖ਼ਤਮ ਹੋ ਚੁੱਕਾ ਹੈ। ਔਲਾਦ ਹੱਥੋਂ ਮਾਂ-ਬਾਪ ਕਤਲ ਹੋ ਰਹੇ ਹਨ। ਭਰਾ-ਭਰਾ ਦਾ ਵੈਰੀ ਹੋ ਚੁਕਾ ਹੈ ਅਤੇ ਪ੍ਰਸਪਰ ਪ੍ਰੇਮ, ਹਮਦਰਦੀ, ਭਾਈਚਾਰਕ ਸਾਂਝ ਅਤੇ ਬਰਦਾਸ਼ਤ ਦਾ ਮਾਦਾ ਬਿਲਕੁਲ ਖ਼ਤਮ ਹੋ ਗਿਆ ਜਾਪਦਾ ਹੈ।

ਸੱਤਾਧਾਰੀ ਧੜਾ ਆਪਣੇ ਅਤੇ ਕਿਸੇ ਵਿਸ਼ੇਸ਼ ਵਰਗ ਦੇ ਮੁਫਾਦ ਨੂੰ ਹੀ ਸਾਹਮਣੇ ਰੱਖ ਕੇ ਕਿਸੇ ਸੂਬੇ, ਕਿਸੇ ਜ਼ਿਲ੍ਹੇ ਅਤੇ ਕਿਸੇ ਖਾਸ ਇਲਾਕੇ ਨੂੰ ਹੀ ਵਿਕਾਸ ਲਈ ਪਹਿਲ ਦਿੰਦਾ ਹੈ। ਅਜਿਹਾ ਵਿਤਕਰਾ ਉੱਪਰ ਤੋਂ ਥੱਲੇ ਪਿੰਡ ਪੱਧਰ ਤ਼ੀਕ ਵੇਖਣ ਵਿਚ ਸਾਫ ਨਜ਼ਰੀਂ ਆਉਂਦਾ ਹੈ ਅਤੇ ਅਜਿਹੇ ਪੱਖਪਾਤੀ ਵਤੀਰੇ ਦਾ ਚਾਰਾ (ਸ਼ਿਕਾਰ) ਬਣਦੇ ਹਨ ਦਲਿਤ ਜਾਂ ਘੱਟ ਗਿਣਤੀਆਂ। ਸੌ ਸਾਲ ਤੋਂ ਹਰੀਜਨ ਉਧਾਰ ਅਤੇ ਪੱਛੜੀਆਂ ਜਾਤਾਂ ਨਾਲ ਸਮਾਜਿਕ ਇਨਸਾਫ ਦੀਆਂ ਗੱਲਾਂ ਸੁਣੀਆਂ /ਕਹੀਆਂ ਜਾ ਰਹੀਆਂ ਹਨ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਥਿਤੀ ਉਂਵੇਂ ਦੀ ਉਵੇਂ ਹੀ ਹੈ। ਇਹ

ਸਚਾਈ ਦੇਸ਼ ਵਿਚ ਹੁੰਦੇ ਗਾਹੇ-ਬਗਾਹੇ ਸਰਵੇ, ਸੈਮੀਨਾਰ ਅਤੇ ਖੋਜ ਕਮਿਸ਼ਨਾਂ ਦੀ ਰਿਪੋਰਟਾਂ ਤੋਂ ਸਾਫ ਝਲਕਦੀ ਹੈ। ਦਲਿਤ ਵਰਗ ਦੀ ਸ਼ਨਾਖਤ ਮਨੂ ਦੇ ਘੜੇ ਅਸੂਲਾਂ ਮੁਤਾਬਕ ਹੀ ਹੋ ਰਹੀ ਹੈ। ਅੱਜ ਦੇਸ਼ ਵਿਚ ਇਕ ਬਹੁਤ ਵੱਡਾ ਵਰਗ ਹੈ ਜੋ ਕਹਿਣ ਨੂੰ ਸਵਰਨ ਜਾਤੀ ਹੈ ਪਰ ਗਰੀਬੀ ਦੀ ਖਿੱਚੀ ਲਕੀਰ ਤੋਂ ਥੱਲੇ ਜੀਵਨ ਬਸਰ ਕਰ ਰਿਹਾ ਹੈ। ਉਨ੍ਹਾਂ ਨੂੰ ਉਨ੍ਹਾਂ ਰਿਆਇਤਾਂ ਅਤੇ ਲਾਭਾਂ ਤੋਂ ਵਾਂਝਿਆ ਰੱਖਿਆ ਜਾਂਦਾ ਹੈ ਜੋ ਰਿਜਰਵੇਸ਼ਨ ਦੇ ਨਾਂ ਹੇਠ ਮਨੂ ਦੇ ਘੜੇ ਦਲਿਤਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਇਹ ਆਰਥਿਕ ਨਿਆਂ ਦੀ ਘੋਰ ਉਲੰਘਣਾ ਹੈ। ਗੁਰਮਤਿ ਇਸ ਵਿਤਕਰੇ ਨੂੰ ਪ੍ਰਵਾਨ ਨਹੀਂ ਕਰਦਾ। ਪਰ ਜਦ ਮੈਂ ਹੀ ਕੁਝ ਕੁ ਰਿਆਇਤਾਂ ਸਦਕਾ ਆਪਣੇ ਆਪ ਨੂੰ ਮਨੂ ਦੇ ਮਾਪਦੰਡ ਅਨੁਸਾਰ ਦਲਿਤ, ਹਰੀਜਨ ਜਾਂ ਪੱਛੜੀ ਨੀਵੀਂ ਜਾਤੀ ਦੱਸਣ ਤੋਂ ਨਹੀਂ ਝਿਜਕਦਾ ਤਾਂ ਇਹ ਜਾਤ-ਪਾਤ ਦੀ ਪ੍ਰਥਾ ਖਤਮ ਕਿਸ ਤਰ੍ਹਾਂ ਹੋਵੇਗੀ। ਇਨਸਾਨੀ ਬਰਾਬਰੀ ਦਾ ਸਕੰਲਪ ਸਿਰੇ ਕਿਵੇਂ ਖੜ੍ਹੇਗਾ ? ਅਸਲ 'ਚ ਤਾਂ ਸਮਾਜ ਵਿਚ ਦੋ ਹੀ ਜਾਤੀਆਂ ਹਨ -ਇਕ ਗਰੀਬ, ਦੂਜੀ ਅਮੀਰ। ਜਦ ਤੀਕਰ ਅਸੀਂ ਇਨ੍ਹਾਂ ਦੋ ਵਰਗਾਂ ਤੋਂ ਵੱਖਰੀਆਂ ਹੋਰ ਜਾਤੀਆਂ ਦੀ ਨਿਸ਼ਾਨਦੇਹੀ ਕਰਦੇ ਹਾਂ ਤਾਂ ਉਦੋਂ ਉਸ ਸਿਧਾਂਤ ਨੂੰ ਨਕਾਰ ਰਹੇ ਹੁੰਦੇ ਹਾਂ ਜੋ ਗੁਰਮਤਿ ਨੇ ਜਾਤ-ਪਾਤ ਦੇ ਵਖਰਵੇਂ ਨੂੰ ਤਿਆਗ ਕੇ ਆਪਣਾਇਆ ਹੈ। ਇਸ ਘਿਣਾਉਣੀ ਪ੍ਰਥਾ ਨੂੰ ਜੜ੍ਹੋਂ ਖਤਮ ਕਰਨ ਵਾਸਤੇ ਲਾਜ਼ਮੀ ਹੈ ਕਿ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਨੀਵੀਂ ਜਾਤ ਦਾ ਨਾ ਕਹੇ ਅਤੇ ਨਾ ਹੀ ਕਿਸੇ ਦੀ ਹਿੰਮਤ ਹੋਵੇ ਕਿਸੇ ਨੂੰ ਨੀਵੀਂ ਜਾਤ ਦਾ ਕਹਿਣ ਦੀ। ਸੰਗਤ ਅਤੇ ਪੰਗਤ ਵਿਚ ਤਾਂ ਅਸੀਂ ਬਰਾਬਰੀ ਦੀ ਹੋਂਦ ਦੀ ਸ਼ਲਾਘਾ ਕਰਦੇ ਹਾਂ ਇਸ ਵਰਤਾਰੇ ਉੱਪਰ ਫਖ਼ਰ ਮਹਿਸੂਸ ਕਰਦੇ ਹਾਂ, ਪਰ ਸਰਕਾਰੇ-ਦਰਬਾਰੇ ਕੁਝ ਕੁ ਰਿਆਇਤਾਂ ਵਾਸਤੇ ਮੁੜ ਆਪਣੇ ਆਪ ਨੂੰ ਨੀਵੀਂ ਪੱਛੜੀ ਜਾਤ ਦਾ ਦੱਸਣ 'ਤੇ ਕੋਈ ਹਿਚਕਚਾਹਟ ਨਹੀਂ ਕਰਦੇ। ਇਹ ਕਦੋਂ ਤੀਕਰ ਹੁੰਦਾ ਰਹੇਗਾ ਬਰਾਬਰੀ ਦਾ ਸੰਕਲਪ ਨਿਰਾ ਸੁਪਨਾ ਬਣਿਆ ਰਹੇਗਾ ?

ਮੁੱਦਤਾਂ ਤੋਂ ਨਾਰੀ ਪ੍ਰਤੀ ਵਿਤਕਰੇ ਦੀ ਗੱਲ ਕੀਤੀ ਜਾ ਰਹੀ ਹੈ। ਦਹੇਜ ਦੀ ਰਸਮ ਵਿਰੁੱਧ ਬੁੱਧੀਜੀਵੀ ਲੰਮੇ-ਲੰਮੇ ਲੇਖ ਲਿਖ ਰਹੇ ਹਨ। ਬੇਸ਼ੁਮਾਰ ਸੰਸਥਾਵਾਂ ਇਸ ਮਾੜੀ ਪ੍ਰਥਾ ਨੂੰ ਖ਼ਤਮ ਕਰਨ ਲਈ ਚਾਰਾ ਮਾਰ ਰਹੀਆਂ ਹਨ। ਪਰ ਨਿਰਾ ਇਹੋ ਹੀ ਧਾਰ ਲੈਣਾ ਕਿ ਨਾਰੀ ਦਾ ਸ਼ੋਸ਼ਣ ਪੁਰਸ਼ ਕਰਦਾ ਹੈ, ਠੀਕ ਨਹੀਂ। ਅਜੋਕੀ ਸਮਾਜਿਕ ਸਥਿਤੀ ਦਾ ਠੀਕ ਵਿਸ਼ਲੇਸ਼ਣ ਕਰੀਏ ਤਾਂ ਇਹ ਧਾਰਨਾਂ ਗਲਤ ਸਾਬਤ ਹੋ ਜਾਂਦੀ ਹੈ। ਮੁੜ ਉਸੇ ਸਚਾਈ ਨੂੰ ਦੁਹਰਾਉਣਾ ਪਵੇਗਾ ਕਿ ਅਮੀਰ ਪੁਰਸ਼ ਹੋਵੇ ਜਾਂ ਨਾਰੀ, ਉਹ ਗਰੀਬ ਪੁਰਸ਼ ਅਤੇ ਨਾਰੀ ਬਾਰੇ ਸੁਹਿਰਦ ਨਹੀਂ ਹੈ। ਨਾਰੀ ਦੇ ਹਿੱਤਾਂ ਬਾਰੇ ਸਭਾਵਾਂ ਅਤੇ ਕੌਂਸਲਾਂ ਬਣੀਆਂ ਹੋਈਆਂ ਹਨ। ਜੋ ਸਰਕਾਰੇ ਦਰਬਾਰੇ ਸੀਟਾਂ ਅਤੇ ਪਦਵੀਆਂ ਦੀ ਰਿਜ਼ਰਵੇਸ਼ਨ ਦੀ ਗੱਲ ਕਰਦੀਆਂ ਹਨ। ਉਸ ਦਾ ਲਾਭ ਉਸ ਅਨਪੜ੍ਹ ਨਾਰੀ ਨੂੰ ਕੀ ਹੋਵੇਗਾ ਜੋ ਰਾਤ ਦੇ ਚੁੱਲ੍ਹੇ ਵਿਚ

ਬਾਲਣ ਵਾਸਤੇ ਜੂਹਾਂ ਵਿਚ ਬਾਲਣ ਚੁਗਦੀ ਫਿਰਦੀ ਹੈ ਜਾਂ ਫਟੇ ਪੁਰਾਣੇ ਬਸਤਰ ਪਹਿਨੀ ਤਪਦੀ ਸੜਕ ਤੇ ਰੋੜੀ ਕੁਟ ਰਹੀ ਹੁੰਦੀ ਹੈ। ਹਾਂ, ਲਾਭ ਹੈ ਉਸ ਵਰਗ ਦੀਆਂ ਇਸਤਰੀਆਂ ਨੂੰ ਜੋ ਵਾਤਾਨਕੂਲ (ਏਅਰਕੰਡੀਸ਼ਨਡ) ਕਾਨਫੰਰਸ ਹਾਲਾਂ ਵਿਚ ਕੀਮਤੀ ਸਾੜ੍ਹੀਆਂ ਪਹਿਨੀ ਤਕਰੀਰਾਂ ਸੁਣਦੀਆਂ ਅਤੇ ਕਰਦੀਆਂ ਹਨ। ਫਾਈਵ ਸਟਾਰ ਹੋਟਲਾਂ ਵਿਚ ਨਾਰੀ ਸੁਧਾਰ ਦੀਆਂ ਵਿਉਂਤਾਂ ਘੜੀਆਂ ਜਾਂਦੀਆਂ ਹਨ।

ਅੱਜ ਧਰਮ ਨੂੰ ਨਿਰਾ-ਪੁਰਾ ਮਜ਼ਹਬੀ ਵੰਡਾਂ ਦਾ ਹੀ ਰੂਪ ਸਮਝਿਆ ਜਾਂਦਾ ਹੈ ਜਦ ਕਿ ਧਰਮ ਇਕ ਸਦਾਚਾਰ, ਨਿਰੋਈ ਸੋਚ ਅਤੇ ਉਚੇ-ਸੁੱਚੇ ਆਚਰਨ ਦਾ ਸੋਮਾ ਹੈ। ਧਾਰਮਿਕ ਸਿਧਾਂਤਾਂ ਨੂੰ ਧਿਆਨ ਵਿਚ ਰੱਖ ਕੇ ਵਿਚਰ ਰਿਹਾ ਮਨੁੱਖ ਆਪਣੇ ਜੀਵਨ ਦੇ ਸਫਰ ਵਿਚ ਕਦੇ ਵੀ ਉਹ ਕਦਮ ਨਹੀਂ ਚੁੱਕੇਗਾ ਜੋ ਉਸ ਨੂੰ ਉਸ ਦੇ ਸਤਕਾਰੇ ਜਾਂਦੇ ਸਿਧਾਂਤਾਂ ਦੇ ਵਿਰੁੱਧ ਹੋਵੇਗਾ। ਉਸ ਦੀ ਕਥਨੀ ਅਤੇ ਕਰਨੀ ਵਿਚ ਕੋਈ ਫਰਕ ਨਜ਼ਰ ਨਹੀਂ ਆਵੇਗਾ, ਉਹ ਮਨੁੱਖੀ ਪੀੜਾ ਅਤੇ ਦਰਦ ਨੂੰ ਮਹਿਸੂਸ ਕਰੇਗਾ। ਪਦਵੀ, ਮਾਇਆ ਦਾ ਲੋਭ, ਪਰਿਵਾਰਕ ਮੋਹ ਅਤੇ ਅਹੰਕਾਰ ਭਰੀ ਹਉਮੈ ਉਸ ਨੂੰ ਸ਼ੁਭ ਕਰਮਾਂ ਤੋਂ ਕਦੇ ਵੀ ਨਹੀਂ ਰੋਕ ਸਕਣਗੇ।

ਗਲੀ-ਗਲੀ, ਪਿੰਡ-ਪਿੰਡ ਮੰਦਰ, ਮਸੀਤਾਂ ਅਤੇ ਗੁਰਦੁਆਰੇ ਉਸਰ ਗਏ ਹਨ ਜਿਥੇ ਜਗਰਾਤੇ, ਅਖੰਡ ਪਾਠਾਂ ਅਤੇ ਸਵੇਰੇ-ਸਵੇਰੇ ਬਾਂਗਾਂ ਨਾਲ ਸਾਰਾ ਵਾਤਾਵਰਨ ਹੀ ਗੂੰਜ ਉੱਠਦਾ ਹੈ। ਪਰ ਇੰਨਾ ਕੁਝ ਹੁੰਦਿਆਂ ਹੋਇਆਂ ਵੀ ਮਨੁੱਖ ਦਾ ਆਚਰਨ ਨਿੱਘਰਦਾ ਜਾ ਰਿਹਾ ਹੈ। ਸਾਬਤ ਹੁੰਦਾ ਹੈ ਕਿ ਕਥਨੀ ਅਤੇ ਅਮਲ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਅਜੋਕੀ ਹਾਲਤ ਦੇ ਸੁਧਾਰ ਵਾਸਤੇ ਧਰਮ ਦਾ ਆਸਰਾ ਇੱਕੋ-ਇੱਕ ਵਸੀਲਾ ਹੈ। ਧਰਮ ਦੇ ਸਾਰਥਕ ਪ੍ਰਚਾਰ ਦੀ ਲੋੜ ਹੈ। ਇਹ ਗੱਲ ਪੱਲੇ ਬੰਨ੍ਹਣ ਵਾਲੀ ਹੈ ਕਿ ਜੇਕਰ ਅਸੀਂ ਇਹ ਸੋਚੀਏ ਕਿ ਨੇਤਾ-ਜਨ ਆਪਣੀ ਸੋਚ ਬਦਲ ਲੈਣਗੇ, ਤਾਂ ਇਹ ਉੱਕਾ ਹੀ ਰੇਗਿਸਤਾਨ ਦੀ ਚਮਕਦੀ ਰੇਤ ਨੂੰ ਪਾਣੀ ਸਮਝਣ ਵਾਲੀ ਗੱਲ ਹੋਵੇਗੀ। ਉਹ ਤਾਂ ਇਸ ਦਲਦਲ ਵਿੱਚ ਇੰਨੇ ਫਸ ਚੁੱਕੇ ਹਨ ਕਿ ਉਨ੍ਹਾਂ ਦਾ ਹੁਣ ਇਸ ਤੋਂ ਬਚ ਨਿਕਲਣਾ ਕਠਿਨ ਹੀ ਨਹੀਂ, ਨਾ-ਮੁਮਕਿਨ ਹੈ। ਹਾਂ, ਲੋਕਾਈ ਵਿਚ ਵਿਚਰ ਕੇ ਨਿਸ਼ਕਾਮ ਤੇ ਸਹੀ ਧਰਮ ਪ੍ਰਚਾਰ ਰਾਹੀਂ ਇਲਕਲਾਬ ਲਿਆਂਦਾ ਜਾ ਸਕਦਾ ਹੈ। ਲੋਕਾਂ ਨੂੰ ਸੱਚ-ਝੂਠ ਅਤੇ ਠੀਕ-ਗਲਤ ਦੀ ਪਹਿਚਾਨ ਕਰਨ ਜੋਗਾ ਗਿਆਨ ਪ੍ਰਾਪਤ ਕਰਵਾਉਣਾ ਹੋਵੇਗਾ।

***

# बाबाणीयां कहाणीयां

जोगिन्दर सिंघ 'सागर'

## सेवा का चमत्कार

निष्काम सेवा निरन्तर सेवा और सबकी सेवा भाई जगता जी का मिशन था। आप सारा दिन सेवा का कोई न कोई कार्य करते ही रहते थे। देखने वाले चकित रह जाते कि यह आदमी है या मशीन, जो न जाने कितने आदमियों के बराबर काम करता है और फिर न थकान, न घबराहट, न चिन्ता, न क्रोध। बस हर समय सेवा ही सेवा। आप हर समय प्रसन्न चित्त, भरे पूरे दिखाई देते और हर एक को जी जी करते रहते थे।

रात्रि के समय आप गांव से बाहर दूर चले जाते और सिमरन में जुड़ जाते। किसी रंग में, किसी मौज में, सारी रात आप भजन सिमरन में व्यतीत कर देते। इस तरह यह आपका प्रायः नित्य क्रम बन गया था।

एक रात कुछ चोर आपके पास आए और कहने लगे बाबा ! हमें बहुत भूख लगी है और लम्बी यात्र करनी है, यदि कोई रोटी पानी का प्रबन्ध कर दो तो खुदा तुम्हारा भला करेगा। बाबा जगता जी उनको अपने साथ टिकाणा पर ले आए और उन्हे बड़े प्रेम भाव से भोजन कराया। हाथ जोड़कर उनको बार–बार धन्यवाद दिया कि आप महापुरूषों ने सेवा का अवसर प्रदान करके मेंरा जीवन सफल कर दिया है। चोर आपका सीधा–साधा और भोला–भाला स्वभाव देखकर डर गए कि यह तो भोला–भंडारा साधु है (जो चोरों को भी साधु महापुरूष समझ रहा है) प्रातः सबको बतला देगा। इस प्रकार हम लोग पकड़े जाएंगे। यह सोचकर चोर बाबा जी को साथ ही बाहर ले गए। कुछ दूर जाकर उन्होने बाबा जी से कहा कि फकीर साईं हमारे वापस आ जाने तक यहीं रहना, कहीं जाना नहीं। यह कह कर चोर तो चल दिए पर बाबा जी वहीं रेत के एक टीले पर बैठकर भजन सिमरन में जुड़ गए। समाधि लीन बैठे बाबा जी को पता भी न चला कि कब रात बीत गई और दिन हो गया।

उधर चोर सारी रात चलते रहे, चलते रहे पर नूर पुर के श्रेत्र से बाहर न जा सके। वहीं नूर पुर के इर्द–गिर्द ही घूमते रहे। सूर्य उदय होने को था। चोर समझ गए कि इतना चलकर भी हमारा इसी श्रेत्र में ही रह जाना इसी भोले साधु की करामात है। इस तरह तो हम कहीं भी न जा पायेंगे और पकड़े जायेंगे।

चारों चोर आकर बाबा जी के चरणों में गिरपड़े और क्षमा याचना करने लगे। चोर बार–बार यही कहते कि महाराज ! हमसे पाप हो गया है। आपने हम भूखों को भोजन कराया और हमने आपको धन्यवाद देने की बजाय परेशान किया है। हमने आपसे अच्छा व्यवहार नहीं किया है। आप सन्त हैं, हमें क्षमा कर दें। हम सारी रात चलते रहे और इतना चलकर भी नूर पुर की सीमा पार नहीं कर सके। बाबा जी सूर्य उदय होने को है, यदि नवाबों को पता चल गया तो वे हमें जान से मार डालेंगे। अब हमारा क्या बनेगा, हम तो मुसीबत में फंस गए हैं। इस आपत्ति से आप ही हमें निकाल सकते हैं। कृपा करके हमारी गल्ती को क्षमा करो और हमें बचा लो। अब तो आप का ही सहारा है नहीं तो हमें मार दिया जायेगा। उनकी मिन्नत समाजत पर दयालु बाबा जी ने कहा कि सन्त जनो ! घबराओ नहीं, प्रमात्मा सबका मालिक है, सबका पालक है, सबकी रक्षा करने वाला है और सहायता करने वाला है। उस प्रभु पर विश्वास करो, तुम्हे न कोई देखेगा, न मिलेगा और न पकड़ सकेगा। चोर बाबा जी को प्रणाम करके चले गये।

"ब्रह्म ज्ञानी परोपकार उमाहा"

# बुद्धू और साहिब

महाराजा रणजीत सिंह जहां महाबली, शूरवीर और शेरे पंजाब थे वहां धर्म परायण, सन्त सेवी और श्रद्धावान सिख भी थे। आपकी गर्ज (जैकारा) सुनकर जहां मुगल, पठान, गाजी और मुजाहिद थर–थर कांपते, दरिया राह देते और मंजले खुद चलकर आपके कदमों में आती थी वहां आप श्रद्धालु इतने कि सब धर्मों व धर्म स्थानों का समान आदर सत्कार करते थे।

आप सब साधु सन्तों व पीर फकीरों की निम्रता पूर्वक सेवा सहायता भी करते थे। आप बिना भेदभाव जन साधारण को बराबर न्याय, सरंक्षण, सहायता और प्यार देते थे। यही कारण है कि इतिहास में आपका नाम एक आदर्श शासक, धर्म निरपेक्ष राजा और दयालु व परोपकारी इन्सान के तौर पर सूर्य की तरह चमकता है।

एक बार जब आप टिवाणें सरदारों और पठानों को जीत कर भेरा नगर के पास से गुजर रहे थे तो आप को बताया गया कि इस नगर में सेवा, सिमरन और परोपकार को समर्पित भाई बुद्धू साहिब नामक पूर्ण सन्त रहते हैं। यह सुनकर महाराजा ने भाई बुद्धू साहिब (सेवापंथी) के दर्शन करने की इच्छा प्रकट की । आप नगर में पहुंचे और भाई साहब के डेरे का पता किया। जब महाराजा रणजीत सिंह अहिलकारों समेत टिकाणा पर पहुंचे तो उस समय भाई साहिब संगत के झूठे बर्तन मांज रहे थे (साफ कर रहे थे) एक अहिलकार ने पूछा कि महाराजा साहिब भाई बुद्धू साहिब के दर्शन करने आये हैं, वे कहां मिलेंगे ? भाई जी ने अपने हाथ धोकर साफ किये और आदर सहित कहा 'आओ जी ! जी आइयां नूं।' आओ मेरे साथ आओ ! महाराजा साहिब और कुछ प्रमुख अहिलकार आपके साथ हो लिये। दरबार हाल में जाकर भाई साहिब बोले कि साहिब (श्री गुरू ग्रंथ साहिब) तो यहां विराजमान हैं और बुद्धू यह खड़ा है आपके सामने। भाई साहिब के सिदक भरे निम्रता पूर्वक शब्द सुनकर सब हैरान रह गये। शेरे पंजाब इतने प्रभावित हुए कि उनके नयन भर आये। श्री गुरू ग्रंथ साहिब को शीश झुका कर प्रणाम करके आप भाई बुद्धू साहिब के चरणों पर नत् मस्तक हुए। सिख जगत के महान जरनैल शेरे पंजाब महाराजा रणजीत सिंह की आखों में प्रथम बार आंसू देखे गये। भाई बुद्धू जी ने महाराजा को गले से लगाया और गुरू चरणों में आपकी "चढ़दी कला" के लिए अरदास की।

**निम्रता साधु की सुन्दरता है।**
**निम्रता साधु का गहना है।**
**निम्रता ही साधु की महानता है।**

# ਦਫ਼ਤਰ ਵਰ-ਘਰ

# ਟਿਕਾਣਾ ਭਾਈ ਜਗਤਾ ਜੀ ਸਾਹਿਬ,


ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

**ਮੁੱਖ ਇੰਚਾਰਜ ਸ: ਅਵਤਾਰ ਸਿੰਘ 'ਪ੍ਰੀਤ'**

ਫ਼ੋਨ : 0164-262098, ਫੈਕਸ : 262657


ਜਿਨ੍ਹਾਂ ਨੇ ਦਫ਼ਤਰ ਘਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ/ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਕੰਨਿਆਂ ਦੀ ਲੋੜ

1 ਅਰੋੜਾ ਸਿੱਖ ਤਨੇਜਾ, Matric, 21 ਸਾਲ, 5'8", ਆਪਣਾ ਬਿਜ਼ਨੈੱਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 2094

2 ਅਰੋੜਾ ਸਿੱਖ ਮੱਕੜ, B.Com+Diploma in Computer Education, 26 ਸਾਲ, 5'8" ਸਰਵਿਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 2095

3 ਜੱਟ ਸਿੱਖ ਵਿਰਕ, 6th Pass, 35 ਸਾਲ, 5'7", ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 2096

4 ਅਰੋੜਾ ਸਿੱਖ ਧਿੰਗੜਾ, B.Tech. Computer Hardware UKRAINE, 26 ਸਾਲ, 5'2", ਲੜਕੇ ਲਈ ਪੜ੍ਹੀ ਲਿਖੀ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 2097

5 ਅਰੋੜਾ ਸਿੱਖ ਧਿੰਗੜਾ, Computer Software (Cisco), 27 ਸਾਲ, 6'1", ਲੜਕੇ ਲਈ ਪੜ੍ਹੀ ਲਿਖੀ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 2098

6 ਅਰੋੜਾ ਸਿੱਖ ਅਰਨੇਜਾ, Matric, 25 ਸਾਲ, 5'3", ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 2099

7 ਅਰੋੜਾ ਖੱਤਰੀ ਆਨੰਦ, Matric, 26 ਸਾਲ, 5'10", ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 3000

8 ਅਰੋੜਾ ਸਿੱਖ ਮੱਕੜ, 8th Pass, 22 ਸਾਲ, 5', ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 3001

9 ਅਰੋੜਾ ਸਿੱਖ ਮੱਕੜ, +2, 23 ਸਾਲ, 5'9", ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ।

ਬਾਕਸ ਨੰ: 3002

## ਵਰ ਦੀ ਲੋੜ

1 ਅਰੋੜਾ ਸਿੱਖ ਘੁਲਿਆਣੀ, M.A., 22 ਸਾਲ, 5' 2" ਕੰਨਿਆਂ ਲਈ ਚੰਗੇ ਬਿਜ਼ਨੈਸਮੈਨ ਜਾਂ ਚੰਗੀ ਸਰਵਿਸ ਵਾਲੇ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1094

2 ਜੱਟ ਸਿੱਖ ਬਰਾੜ, +2 Pass, 18 ਸਾਲ, 5' 2" ਕੰਨਿਆਂ ਲਈ ਯੋਗ ਅੰਮ੍ਰਿਤਧਾਰੀ ਵਰ ਦੀ ਲੋੜ ਹੈ। ਬਾਕਸ ਨੰ: 1095

3 ਅਰੋੜਾ ਸਿੱਖ ਕਾਲੜਾ, M.Com, 27 ਸਾਲ, 5' 2" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1096

4 ਅਰੋੜਾ ਸਿੱਖ ਸਚਦੇਵਾ, M.A . Pbi, 24 ਸਾਲ, 5' 4" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1097

5 ਅਰੋੜਾ ਸਿੱਖ ਸਚਦੇਵਾ, M.Com.+Computer Account, 21 ਸਾਲ, 5'7" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1098

6 ਅਰੋੜਾ ਸਿੱਖ ਸਚਦੇਵਾ, B.A., 23 ਸਾਲ, 5'4" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1099

7 ਸਵਰਨਕਾਰ ਸਦਿਉੜਾ, B.A., 20 ਸਾਲ, 5'5" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1100

8 ਅਰੋੜਾ ਸਿੱਖ ਕਾਲੜਾ, M.Com 28 ਸਾਲ, 5'1" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1101

9 ਅਰੋੜਾ ਸਿੱਖ ਖਨੂਜਾ, B.A.+ Computer Course, 28 ਸਾਲ, 5'2" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਬਾਕਸ ਨੰ: 1102

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਜਨਤਾ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਮਾਰਚ 2002 ਨੂੰ ਜਾਰੀ ਕੀਤਾ।

ਕਨੈਸਮੈਨ
1094
ਾਰੀ ਵਰ
1095
ਦੀ ਲੋੜ
1096
ਵਰ ਦੀ
1097
ਕਿਨਿਆਂ
1098
ੀ ਲੋੜ
099
ੀ ਲੋੜ
100
ੀ ਲੋੜ
101
ਨਿਆਂ
102
ਨਤਾ
ਜਿ:)
) ਤੋਂ




ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਵਿਖੇ
ਮਹਾਨ ਯੱਗ ਸਮਾਗਮ ਦਿਹਾੜੇ (15 ਜਨਵਰੀ 2002) ਨੂੰ ਸਰਧਾਲੂ ਸੰਗਤਾਂ ਦੇ ਅਥਾਹ ਇਕੱਠ ਦਾ ਦ੍ਰਿਸ਼ ।



ਮਹਾਨ ਯੱਗ ਸਮਾਗਮ ਦਿਹਾੜੇ ਟਿਕਾਣੇ ਦੇ ਬਾਹਰ ਸੰਤ ਭਾਈ ਕਾਹਨ ਸਿੰਘ ਜੀ ਤੇ
ਸ: ਅਮੀਰ ਸਿੰਘ ਜੀ ਸਾਬਕਾ ਪ੍ਰਧਾਨ ਸੰਗਤਾਂ ਦੇ ਇਕੱਠ ਨਾਲ ਭੁਝੰਗੀਆਂ ਦੇ ਗੱਤਕੇ ਦੇ ਜੋਹਰ ਦੇਖਦੇ ਹੋਏ ।




ਮਹਾਨ ਯੱਗ ਸਮਾਗਮ ਮੌਕੇ ਮੈਡੀਕਲ ਕੈਂਪਾਂ ਦੇ ਉਦਘਾਟਨ ਸਮੇਂ ਸੰਤ ਭਾਈ ਕਾਹਨ ਸਿੰਘ ਜੀ
ਡਾ: ਨਵਦੀਪ ਲੱਕੀ, ਸੰਤ ਰਣਜੀਤ ਸਿੰਘ, ਸੰਤ ਭੁਪਿੰਦਰ ਸਿੰਘ ਜੀ ਤੇ ਹੋਰ ਅਥਾਹ ਸੰਗਤਾਂ ਸ਼ਾਮਿਲ ਹੋਈਆਂ ।

Bhai Kanhaiya Sewa Joti (Monthly)
Regd. No. TECH/47-5(PB-0028)/2002 Chd. Dt. 27-11-2001
Regd. No. 046716/84






ਬਾਬਾ ਜਗਤਾ ਜੀ ਦੇ ਸਾਲਾਨਾ ਯੱਗ ਭੰਡਾਰੇ ਸਮੇਂ ਸੰਤ ਭਾਈ ਕਾਹਨ ਸਿੰਘ ਜੀ ਤੇ ਲੰਗਰ ਦੇ ਸਰਬੱਤ ਸੇਵਾਦਾਰ ਅਰਦਾਸ ਕਰਨ ਉਪਰੰਤ ਸੰਗਤਾਂ ਨੂੰ ਲੰਗਰ ਛਕਾਉਂਦੇ ਹੋਏ ।



ਸੰਗਤਾਂ ਪ੍ਰੇਮ ਤੇ ਸ਼ਰਧਾ ਨਾਲ 'ਗੁਰੂ ਕਾ ਲੰਗਰ' ਛਕਦੀਆਂ ਹੋਈਆਂ ।